ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ **ਖੋਜਨਾਮਾ**
ISSN: 2584-0509
ਸਾਂਝੀਵਾਲਤਾ ਦਾ ਸੰਦੇਸ਼ ਦਿੰਦਾ ਕਿਸਾਨੀ ਅੰਦੋਲਨ (Page 133 to 151)

# ਸਾਂਝੀਵਾਲਤਾ ਦਾ ਸੰਦੇਸ਼ ਦਿੰਦਾ ਕਿਸਾਨੀ ਅੰਦੋਲਨ
## ('ਇਹ ਬਾਤ ਨਿਰੀ ਏਨੀ ਹੀ ਨਹੀਂ' ਦੇ ਵਿਸ਼ੇਸ਼ ਸੰਦਰਭ ਵਿੱਚ)



ਡਾ. ਜਸਵੀਰ ਕੌਰ
ਸਹਾਇਕ ਪ੍ਰੋਫੈਸਰ
ਏਸ਼ੀਅਨ ਗਰੁੱਪ ਆਫ਼
ਕਾਲਜ, ਪਟਿਆਲਾ
+9176578-37372

ਕਿਸਾਨੀ ਅੰਦੋਲਨ ਹਰ ਇੱਕ ਪੰਜਾਬੀ ਦੇ ਪੁਸ਼ਤੈਨੀ ਹੱਕਾਂ ਦੀ ਗਵਾਹੀ ਭਰਦਾ ਦਿੱਲੀ ਦੀਆਂ ਬਰੂਹਾਂ ਤੱਕ ਜਾ ਪੁੱਜਦਾ ਹੈ। ਕਿਸਾਨੀ ਅੰਦੋਲਨ ਦਾ ਇਹ ਰਥ ਹੱਕਾਂ, ਹੰਝੂਆਂ, ਮਲਕੀਅਤਾਂ, ਜਜ਼ਬਾਤਾਂ, ਦਲੇਰੀਆਂ, ਸਬਰਾਂ, ਨਿਡਰਤਾ ਅਤੇ ਇੱਕ ਜੁਟਤਾ ਨਾਲ ਭਰਿਆ ਹੋਇਆ ਹੈ। ਇਸ ਰਥ ਦੇ ਦੋ ਪਹੀਏ ਇੱਕ ਪਹੀਆ ਕਿਸਾਨ ਅਤੇ ਦੂਜਾ ਪਹੀਆ ਮਜ਼ਦੂਰ ਜਿਸ ਨੂੰ ਸੰਘਰਸ਼ ਦੇ ਬਲਦ ਹਕੂਮਤ ਦੀ ਜ਼ਮੀਨ 'ਤੇ ਗੁਰੂਆਂ ਦੁਆਰਾ ਬਖਸ਼ੀ ਚੜ੍ਹਦੀਕਲਾ ਨਾਲ ਸਰ ਕਰਦੇ ਹੋਏ ਪ੍ਰਤੀਤ ਹੁੰਦੇ ਹਨ। ਇਸ ਸੰਘਰਸ਼ ਵਿਚ ਆਪਣੀ ਹੋਂਦ ਨੂੰ ਬਚਾਉਣ ਵਾਲਾ ਹਰ ਵਰਗ ਪੂਰੀ ਸੰਜੀਦਗੀ, ਨਿਡਰਤਾ ਅਤੇ ਬਹਾਦਰੀ ਨਾਲ ਸ਼ਾਮਿਲ ਹੁੰਦਾ ਗਿਆ। ਏਥੇ ਅਜਿਹਾ ਕਹਿਣਾ ਕੋਈ ਅਤਕਥਨੀ ਨਹੀਂ ਹੋਵੇਗਾ ਕਿ ਇਹ ਅੰਦੋਲਨ ਬੇਸ਼ੱਕ ਪੰਜਾਬ ਦੀ ਸਰ ਜ਼ਮੀਨ ਤੋਂ ਸ਼ੁਰੂ ਹੁੰਦਾ ਹੈ, ਪਰੰਤੂ ਇਸ ਅੰਦੋਲਨ ਵਿਚ ਧਰਤੀ ਮਾਂ ਦੇ ਹਰ ਇਕ ਸਪੂਤ (ਜਿਵੇਂ ਹਰਿਆਣਾ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਕਰਨਾਟਕ ਆਦਿ) ਨੇ ਵਧ ਚੜ੍ਹ ਕੇ ਸ਼ਮੂਲੀਅਤ ਕੀਤੀ। ਇਸ ਦੀ ਸ਼ਲਾਘਾ ਪਾਤਰ ਸਾਹਿਬ ਇਸ ਤਰ੍ਹਾਂ ਕਰਦੇ ਹਨ:

> ਮੈਂ ਮੈਂ ਤੂੰ ਤੂੰ ਕਰਦੇ ਸੀ, ਅਸੀਂ ਅੱਜ ਅਸੀਂ ਹਾ ਹੋਏ।
> ਏਸ ਅਸੀਂ ਸਾਂਭ ਕੇ ਰੱਖਣਾ, ਅਸੀਂ ਮਸੀਂ ਅਸੀਂ ਹਾ ਹੋਏ।[1]

ਕਿਸਾਨੀ ਅੰਦੋਲਨ ਅਤੇ ਲੋਕਾਂ ਦੇ ਸਮੱਰਥਨ ਵਿੱਚ 'ਇਹ ਬਾਤ ਨਿਰੀ ਏਨੀ ਹੀ ਨਹੀਂ' ਕਿਤਾਬ ਰਾਹੀਂ ਸੁਰਜੀਤ ਪਾਤਰ ਇੱਕ ਕਵੀ ਵਜੋਂ ਤਾਂ ਭੂਮਿਕਾ ਨਿਭਾ ਹੀ ਰਹੇ ਹਨ। ਇਸ ਤੋਂ ਵੀ ਵੱਧ ਉਹਨਾਂ ਨੇ ਇੱਕ ਪੰਜਾਬ ਦਾ ਪੁੱਤ ਹੋਣ ਨੂੰ ਤਰਜੀਹ ਦਿੱਤੀ ਹੈ। ਉਹ ਜੀਵਨ ਦੇ ਲੰਮੇ ਪੈਂਡੇ ਦੌਰਾਨ ਕੀਤੀ ਮਿਹਨਤ ਮੁਸ਼ੱਕਤ ਤੋਂ ਬਾਅਦ ਕਮਾਇਆ ਪਦਮ ਸ਼੍ਰੀ ਦਾ ਅਵਾਰਡ ਵਾਪਿਸ ਕਰਦੇ ਦਿੰਦੇ ਹਨ। ਇਨਾਮ ਵਾਪਸ ਕਰਨ ਦੀ ਭਾਵਨਾ ਕਿਸਾਨੀ ਪ੍ਰਤੀ ਉਹਨਾਂ ਦੇ ਮੋਹ, ਪਿਆਰ, ਦਰਦ ਤੇ ਚਿੰਤਨ ਨੂੰ ਵਿਅਕਤ ਕਰਦੀ ਹੈ। ਪਾਤਰ ਸਾਹਿਬ ਪਦਮ ਸ਼੍ਰੀ ਅਵਾਰਡ ਨੂੰ ਪੰਜਾਬ ਦੇ ਮਾਸੂਮ ਭੋਲੇ ਭਾਲੇ ਪੁੱਤਰਾਂ, ਧੀਆਂ, ਭੈਣਾਂ, ਵੀਰਾਂ, ਮਾਵਾਂ, ਪੁਰਖਿਆਂ ਅਤੇ ਤਹੱਮਲ ਨਾਲ ਭਰੇ ਆਗੂਆਂ ਉਪਰੋਂ ਇਸ ਤਰ੍ਹਾਂ ਵਾਰਦੇ ਪ੍ਰਤੀਤ ਹੋ ਰਹੇ ਹਨ ਜਿਵੇਂ ਕੋਈ ਮਾਂ ਆਪਣੇ ਬੱਚੇ ਤੋਂ ਵਾਰਨਾ ਕਰਕੇ ਅੰਤਾਂ ਦੀ ਖੁਸ਼ੀ ਮਹਿਸੂਸ ਕਰਦੀ ਹੈ। ਪਾਤਰ ਸਾਹਿਬ ਪਦਮ ਸ਼੍ਰੀ ਅਵਾਰਡ ਦੀ ਤੁਲਨਾ ਇਕ ਤਗਮੇ ਨਾਲ ਕਰਦੇ ਹੋਏ ਨਿਮਨਲਿਖਿਤ

ਕਵਿਤਾ ਵਿੱਚ ਆਪਣੇ ਵਿਚਾਰ ਇਸ ਤਰ੍ਹਾਂ ਪੇਸ਼ ਕਰ ਰਹੇ ਹਨ :

ਇਹਨਾਂ ਪੁੱਤਰਾਂ ਦੇ ਸਿਰ ਉੱਤੋਂ
ਤੇ ਇਹਨਾਂ ਪਿਆਰੀਆਂ ਧੀਆਂ ਦੇ ਸਿਰ ਉੱਤੋਂ
ਮਹਾਂ ਮੇਲੇ ਤੇ ਆਏ
ਸਾਰਿਆਂ ਜੀਆਂ ਦੇ ਸਿਰ ਉੱਤੋਂ
ਸਿਰਫ਼ ਸਿਰਵਾਰਨਾ ਕੀਤਾ।[2]

ਹੱਥਲੇ ਖੋਜ ਪੇਪਰ ਵਿੱਚ ਸੁਰਜੀਤ ਪਾਤਰ ਦੀ ਕਿਤਾਬ 'ਇਹ ਬਾਤ ਨਿਰੀ ਏਨੀ ਹੀ ਨਹੀਂ' ਵਿੱਚ ਪੇਸ਼ ਹੋਏ ਕਿਸਾਨੀ ਵਿਚਾਰਾਂ ਨੂੰ, ਅੰਦੋਲਨ ਵਿੱਚ ਸ਼ਮੂਲੀਅਤ ਕਰਨ ਵਾਲੇ ਹਰ ਵਰਗ ਨੂੰ ਅਧਾਰ ਬਣਾ ਕੇ ਅਸੀਂ ਪੇਪਰ ਨੂੰ ਨਿਮਨਲਿਖਿਤ ਸਿਰਲੇਖਾਂ ਵਿੱਚ ਵੰਡ ਕੇ ਪੇਸ਼ ਕਰ ਸਕਦੇ ਹਾਂ:

- ਸੱਚੇ ਪਾਤਸ਼ਾਹ ਦੀ ਸ਼ਮੂਲੀਅਤ
- ਧਰਤ ਦੀਆਂ ਔਰਤਾਂ ਦੀ ਸ਼ਮੂਲੀਅਤ
- ਸ਼ਬਦਾਂ ਦੀ ਸ਼ਮੂਲੀਅਤ
- ਲਾਲ ਕਿਲ੍ਹੇ ਦੀ ਸ਼ਮੂਲੀਅਤ
- ਹੰਝੂਆਂ ਦੀ ਸ਼ਮੂਲੀਅਤ
- ਵਿੱਛੜ ਚੁੱਕੇ ਪੁਰਖਿਆਂ ਦੀ ਸ਼ਮੂਲੀਅਤ
- ਨਵ-ਜੀਵਨ ਦੀ ਸ਼ਮੂਲੀਅਤ
- ਧਰਤੀ ਮਾਂ ਦੀ ਸ਼ਮੂਲੀਅਤ
- ਬੇਜ਼ੁਬਾਨ ਲੀਹਾਂ ਦੀ ਸ਼ਮੂਲੀਅਤ
- ਬੁੱਧੀਜੀਵੀਆਂ ਦੀ ਸ਼ਮੂਲੀਅਤ

## ਸੱਚੇ ਪਾਤਸ਼ਾਹ ਦੀ ਸ਼ਮੂਲੀਅਤ

ਅੰਦੋਲਨ ਵਿੱਚ ਬਾਣੀ ਦੇ ਚੱਲਦੇ ਪ੍ਰਵਾਹ, ਲੰਗਰ ਪ੍ਰਥਾ, ਸੇਵਾ ਭਾਵਨਾ, ਸਿੱਖ ਸੰਗਠਨਾ ਦੇ ਹੌਸਲੇ ਸੂਰਬੀਰਤਾ,
ਸਹਿਣਸ਼ੀਲਤਾ, ਕੁਰਬਾਨੀ ਅਤੇ ਮਨਾਈਆਂ ਜਾਣ ਵਾਲੀਆਂ ਸਿੱਖ ਸਰਗਰਮੀਆਂ ਰਾਹੀਂ ਇਸ ਅੰਦੋਲਨ ਦੀ ਅਹਿਮੀਅਤ ਸਹਿਜੇ ਹੀ ਵਿਅਕਤ ਹੁੰਦੀ ਹੈ। ਇਸ ਤੋਂ ਇਲਾਵਾ ਕਿਸਾਨੀ

ਅੰਦੋਲਨ ਨਿਵ ਕੇ ਆਏ ਨੂੰ ਦੇਗ ਅਤੇ ਚੜ੍ਹ ਕੇ ਆਏ ਨੂੰ ਤੇਗ ਵਿੱਚ ਸਿਰਜਨਾ ਕਰਦੀਆਂ ਵੀ ਪ੍ਰਤੀਤ ਹੁੰਦੀਆਂ ਹਨ। ਜਦੋਂ ਉਹ ਟੱਪਿਆਂ, ਬੋਲੀਆਂ ਨਾਲ ਵਿਰੋਧੀ ਧਿਰ ਨੂੰ ਵੰਗਾਰਦੀਆਂ ਹਨ। ਜਿਵੇਂ :

ਚਾਹ ਦੇ ਵਿੱਚ ਲਾਚੀ
ਤੇਰੀ ਚੱਲ੍ਹਣ ਨਈ ਦੇਣੀ ਚਲਾਕੀ।
ਜੀ ਤੁਸੀਂ ਕੀ ਪੀਓਗੇ ਇੱਕ ਕੱਪ ਚਾਹ।[5]

ਜਾਂ

ਦਿੱਲੀ ਤਖ਼ਤ ਤੇ ਸੁੱਤਾ ਕੌਣ ਕੁੜੇ
ਉਹਨੂੰ ਸੁੱਤੇ ਨੂੰ ਜਗਾਵੇ ਕੌਣ ਕੁੜੇ
ਉਹਨੂੰ ਸੁੱਤੇ ਨੂੰ ਜਗਾਵੇ ਸਾਡਾ ਰੋਸ ਕੁੜੇ
ਸਾਡਾ ਰੋਸ ਲਿਆਵੇ ਉਸ ਨੂੰ ਹੋਸ਼ ਕੁੜੇ।[6]

ਮਾਵਾਂ, ਭੈਣਾਂ, ਧੀਆਂ ਦੀ ਸ਼ਮੂਲੀਅਤ ਨੇ ਇਸ ਲੋਕ ਅੰਦੋਲਨ ਜਾਂ ਲੋਕ ਲਹਿਰ ਦੀ ਪਾਵਨਤਾ, ਗੌਰਵਤਾ ਵਿੱਚ ਦਿਨ ਦੁਗਣੀ ਅਤੇ ਰਾਤ ਚੌਗਣੀ ਵਾਲਾ ਵਾਧਾ ਕੀਤਾ ਹੈ। ਔਰਤਾਂ ਵੱਲੋਂ ਇਸ ਅੰਦੋਲਨ ਵਿਚ ਕੇਵਲ ਮਾਨਸਿਕ ਅਤੇ ਸਰੀਰਕ ਤੌਰ ਤੇ ਆਪਣਾ ਯੋਗਦਾਨ ਨਹੀਂ ਪਾਇਆ, ਸਗੋਂ ਦੁੱਖ ਤਕਲੀਫ ਸਮੇਂ ਮੋਢੇ ਨਾਲ ਮੋਢਾ ਜੋੜ ਕੇ ਧਰਵਾਸ ਦੇਣ ਦੀ ਭੂਮਿਕਾ ਵੀ ਨਿਭਾਈ ਗਈ ਹੈ। ਇਸ ਅੰਦੋਲਨ ਰਾਹੀਂ ਉਹਨਾਂ ਇਹ ਸਾਬਿਤ ਕੀਤਾ ਹੈ, ਕਿ ਉਹ ਮਾਈ ਭਾਗੋ ਅਤੇ ਝਾਂਸੀ ਦੀ ਰਾਣੀ ਦੀਆਂ ਵਾਰਿਸ ਹਨ। ਇਸ ਕਿਤਾਬ ਵਿੱਚ ਅਸੀਂ ਦੇਖਦੇ ਹਾਂ ਕਿ ਇਹਨਾਂ ਦੀ ਨਿਡਰਤਾ, ਦਲੇਰੀ, ਸਹਿਣਸ਼ੀਲਤਾ ਤੋਂ ਹੁਕਮਰਾਨਾ ਨੂੰ ਡਾਢਾ ਡਰ ਪ੍ਰਤੀਤ ਹੁੰਦਾ ਹੈ, ਕਿਉਂਕਿ ਉਹ ਇਕ ਪਾਸੇ ਔਰਤਾਂ ਨੂੰ ਥਲ ਸੈਨਾ ਵਿੱਚ ਭਰਤੀ ਹੋਣ ਦੀ ਤਾਕੀਦ ਕਰਦੇ ਨਜ਼ਰ ਆ ਰਹੇ ਹਨ ਦੂਜੇ ਪਾਸੇ ਉਹ ਇਹਨਾਂ ਨੂੰ ਪੁਰਜੋਰ ਬੇਨਤੀ ਕਰਦੇ ਹੋਏ ਘਰ ਵਾਪਿਸ ਪਰਤ ਜਾਣ ਲਈ ਆਖਦੇ ਹਨ। ਏਥੇ ਹੁਕਮਰਾਨਾਂ ਜਾਂ ਹਾਕਮਾਂ ਦੀ ਦੋਹਰੀ ਮਾਨਸਿਕਤਾ ਦੀ ਤਸਵੀਰ ਉੱਭਰ ਕੇ ਸਾਹਮਣੇ ਆਉਂਦੀ ਹੈ ਪਰੰਤੂ ਪਾਪੀਆਂ ਨੂੰ ਇਹ ਨਹੀਂ ਪਤਾ ਕਿ ਜਿਹੜੀਆਂ ਮਾਵਾਂ, ਭੈਣਾਂ ਨੇ ਖੁਦ ਆਪਣੇ ਸਿਰ ਦੇ ਸਾਈਆਂ ਅਤੇ ਦੁੱਧ ਮੱਖਣਾ ਨਾਲ ਪਾਲੇ ਪੁੱਤਾਂ ਅਤੇ ਵੀਰਾਂ ਨੂੰ ਹੱਥੀ ਸੰਵਾਰ ਕੇ ਅੰਦੋਲਨ ਲਈ ਭੇਜਿਆ ਹੋਵੇ

ਉਹਨਾਂ ਦੇ ਜਜ਼ਬਿਆਂ ਨੂੰ ਕਿਸੇ ਵੀ ਚਾਲ ਰਾਹੀਂ ਤੋੜਿਆ ਨਹੀਂ ਜਾ ਸਕਦਾ। ਪਾਤਰ ਸਾਹਿਬ ਲਿਖਦੇ ਹਨ,

"ਧੀਆਂ, ਮਾਵਾਂ, ਭੈਣਾਂ, ਨਾਰਾਂ ਦੀ ਸ਼ਮੂਲੀਅਤ ਨੇ ਇਸ ਲਹਿਰ ਦੀ ਪਾਵਨਤਾ, ਗੌਰਵਤਾ ਅਤੇ ਸ਼ਾਲੀਨਤਾ ਵਿਚ ਬੇਹੱਦ ਵਾਧਾ ਕੀਤਾ ਹੈ।"[7]

ਲੰਗਰ ਦੀ ਲੋਹ ਤੇ ਰੋਟੀਆਂ ਪਕਾਉਂਦੀਆਂ ਉਹ ਕੋਈ ਪਵਿੱਤਰ ਯੱਗ ਕਰਦੀਆਂ ਪ੍ਰਤੀਤ ਹੋ ਰਹੀਆਂ ਹਨ। ਇਸਦਾ ਹਵਾਲਾ ਪਾਤਰ ਸਾਹਿਬ ਹੇਠ ਲਿਖੀ ਕਾਵਿ ਟੁਕੜੀ ਵਿਚ ਪੇਸ਼ ਕਰ ਰਹੇ ਹਨ :

ਇਕ ਚੰਦ
ਅਤੇ ਇਕ ਸੂਰਜ
ਇਕ ਤੇਰਿਆਂ ਹੱਥਾਂ ਦੀ ਰੋਟੀ।[8]

ਅਸੀਂ ਇਹ ਆਖ ਸਕਦੇ ਹਾਂ ਕਿ ਇਹ ਔਰਤਾਂ ਸਿਰਫ਼ ਅੰਦੋਲਨ ਵਿੱਚ ਸ਼ਿਰਕਤ ਹੀ ਨਹੀਂ ਕਰਦੀਆਂ ਸਗੋਂ ਇੱਕ ਨਵੇਂ ਇਤਿਹਾਸ ਦੀਆਂ ਸਿਰਜਕ ਵੀ ਦਿਖਾਈ ਦਿੰਦੀਆਂ ਹਨ।

**ਸ਼ਬਦਾਂ ਦੀ ਸ਼ਮੂਲੀਅਤ**

ਸ਼ਬਦ ਵਿਅਕਤੀ ਦਾ ਵਿਅਕਤੀਤਵ ਪੇਸ਼ ਕਰਨ ਵਿੱਚ ਮੋਹਰੀ ਭੂਮਿਕਾ ਨਿਭਾਉਂਦੇ ਹਨ ਅਤੇ ਸ਼ਬਦਾਂ ਵਿੱਚ ਅਥਾਹ ਸ਼ਕਤੀ ਹੁੰਦੀ ਹੈ। ਸ਼ਬਦ ਮਨੁੱਖ ਦੇ ਵਿਅਕਤੀਤਵ ਜਾਂ ਅੰਦਰ ਦੀ ਥਾਹ ਪਾਉਂਦੇ ਹਨ। ਸਿਆਣੇ ਲੋਕ ਅਕਸਰ ਆਖਦੇ ਹਨ, ਕਿ ਸ਼ਬਦ ਹੀ ਬੰਦੇ ਨੂੰ ਤਖਤ ਤੇ ਸ਼ਬਦ ਹੀ ਬੰਦੇ ਨੂੰ ਗਧੇ ਤੇ ਬਿਠਾ ਦਿੰਦੇ ਹਨ। ਭਾਸ਼ਾ ਦਾ ਜਨਮ ਆਤਮ ਪ੍ਰਗਟਾਵੇ ਲਈ ਹੋਇਆ ਸੀ ਪਰੰਤੂ ਅੰਦੋਲਨ ਦੌਰਾਨ ਦੇਖਿਆ ਗਿਆ ਹੈ ਕਿ ਏਥੇ ਕਾਬਿਜ ਧਿਰ ਵੱਲੋਂ ਸ਼ਬਦਾਂ ਦਾ ਇਸਤੇਮਾਲ ਆਪਣੇ ਅਸਲੀ ਆਪੇ ਨੂੰ ਲਕੋਣ ਵਿੱਚ ਤੇ ਦੂਜਿਆਂ ਨੂੰ ਠੱਗਣ ਲਈ ਕੀਤਾ ਜਾ ਰਿਹਾ ਹੈ ਹਾਕਮ ਧਿਰ ਦੁਆਰਾ ਖਰੀਦੇ ਗਏ ਚੈਨਲ, ਗੋਦੀ ਮੀਡੀਆ ਅੱਠੇ ਪਹਿਰ ਸੱਚ ਨੂੰ ਝੂਠ ਅਤੇ ਝੂਠ ਨੂੰ ਸੱਚ ਸਾਬਿਤ ਕਰਨ ਲਈ ਤੱਤਪਰ ਹੈ। ਇਹਨਾਂ ਨੂੰ ਇਕ ਹਥਿਆਰ ਵਜੋਂ ਵਰਤਿਆ ਗਿਆ। ਗੋਦੀ ਮੀਡੀਆ ਦੁਆਰਾ ਮਿਹਨਤੀ, ਸਿਰੜੀ, ਆਪਣੇ ਹੱਕ ਮੰਗਣ ਆਏ, ਇਨਸਾਨੀਅਤ ਦੇ ਰਾਖਿਆਂ ਨੂੰ ਦੇਸ਼ ਧ੍ਰੋਹੀ, ਖਾਲਿਸਤਾਨੀ, ਨਕਸਲਵਾਦੀ, ਪਰਜੀਵੀ, ਅੰਦੋਲਨਜੀਵੀ ਆਦਿ ਨਾ ਦੇ ਕੇ ਇਸ ਅੰਦੋਲਨ ਨੂੰ ਬਖੇਰਨ ਦੀ ਹਰ ਸੰਭਵ ਕੋਸ਼ਿਸ ਕੀਤੀ ਗਈ ਹੈ। ਸਰਕਾਰ ਦੁਆਰਾ ਕਿਸਾਨੀ ਅੰਦੋਲਨ ਨੂੰ ਬਦਨਾਮ ਕਰਨ ਲਈ

ਇਹਨਾਂ ਨੂੰ ਕਦੇ ਦੇਸ਼ ਧ੍ਰੋਹੀ, ਕਦੇ ਪਾਕਿਸਤਾਨ ਦੇ ਹੱਥਾਂ ਦੀ ਕਠਪੁਤਲੀ ਬਣੇ ਅੰਦੋਲਨਕਾਰੀ, ਕਦੇ ਖ਼ਾਲਿਸਤਾਨੀ ਤੋਂ ਪ੍ਰਭਾਵਿਤ ਹੋਏ ਗੁਮਰਾਹ ਹੋਏ ਲੋਕ ਆਖਿਆ ਗਿਆ ਹੈ। ਉਪਰੋਕਤ ਵਿਵਰਣ ਨੂੰ ਅਧਾਰ ਬਣਾ ਕੇ ਪਾਤਰ ਸਾਹਿਬ ਦੁਆਰਾ ਲਿਖੀ ਕਵਿਤਾ ਦਾ ਹਵਾਲਾ ਦੇ ਰਹੇ ਹਾਂ :

ਅਹਿ ਲਓ ਸ਼ਬਦ-ਬਾਣ ਇਕ ਹੋਰ
ਦੇਸ਼-ਧ੍ਰੋਹੀ,ਖਾਲਿਸਤਾਨੀ,ਸ਼ਹਿਰੀ ਨਕਸਲ,
ਇਹ ਹੈ ਨਵਾਂ ਨਕੋਰ
ਸ਼ਬਦ-ਬਾਣ ਇਕ ਹੋਰ
ਪਰਜੀਵੀ ਅੰਦੋਲਨਜੀਵੀ।[9]

ਸਰਕਾਰਾਂ ਦੇ ਹੱਥਾਂ ਦੀ ਕਠਪੁਤਲੀ ਬਣੇ ਮੀਡੀਆ ਦੁਆਰਾ ਸ਼ਬਦਾਂ ਦਾ ਘਾਣ ਕੀਤੇ ਜਾਣ ਤੋਂ ਚਿੰਤਤ ਹੁੰਦੇ ਪਾਤਰ ਸਾਹਿਬ ਲਿਖਦੇ ਹਨ,

"ਤਰਸ ਜਾਂਦੇ ਹਾਂ ਇਹਨਾਂ ਮੋਹਤਬਰਾਂ ਦੇ ਮੂੰਹੋ ਕੋਈ ਸੱਚਾ ਵਾਕ ਸੁਣਨ ਨੂੰ। ਝੂਠੇ ਵਾਕ ਤੁਹਾਨੂੰ ਤਖਤਾਂ ਵੱਲ ਲੈ ਜਾਂਦੇ ਹਨ ਤੇ ਸੱਚੇ ਵਾਕ ਤੁਹਾਨੂੰ ਜੇਲ੍ਹਾਂ ਤੱਕ।"[10]

ਸੱਚ ਬੋਲਣ ਵਾਲੇ ਵਿਅਕਤੀਆਂ ਤੋਂ ਸਰਕਾਰ ਨੂੰ ਭੈਅ ਆਉਂਦਾ ਦਿਖਾਈ ਦਿੰਦਾ ਹੈ ਭਾਵ ਹਨੇਰਗਰਦੀ ਵਿੱਚ ਚਾਨਣ ਦੀ ਚਿਣਗ ਜਗਾਉਣ ਵਾਲਿਆਂ ਤੋਂ ਹੁਕਮਰਾਨਾ ਨੂੰ ਹਮੇਸ਼ਾ ਹੀ ਇਤਰਾਜ਼ ਰਿਹਾ ਹੈ। ਇਹਨਾਂ ਭਾਵਾਂ ਨੂੰ ਪਾਤਰ ਸਾਹਿਬ ਹੇਠ ਲਿਖੀ ਕਵਿਤਾ ਵਿੱਚ ਇਸ ਤਰ੍ਹਾਂ ਵਿਅਕਤ ਕਰ ਰਹੇ ਹਨ:

ਉਹ ਕਿ ਜਿਸ ਦੀ ਜਾਨ ਹੀ ਨ੍ਹੇਰੇ ਚ ਹੈ
ਉਸ ਨੂੰ ਸਾਡੇ ਜਗਣ ਤੇ ਇਤਰਾਜ਼ ਹੈ।[11]

ਜਿਵੇਂ ਬੰਬੀਹਾ ਸਵਾਂਤੀ ਬੂੰਦ ਲਈ ਤਰਸਦਾ ਹੈ ਏਵੈਂ ਹੀ ਅਸੀਂ ਸਰਮਾਏਦਾਰਾਂ ਦੇ ਮੂੰਹੋ ਸੱਚੇ ਸ਼ਬਦ ਸੁਣਨ ਲਈ ਤਰਸ ਗਏ ਹਾਂ। ਕੇਂਦਰ ਦੇ ਵਜ਼ੀਰਾਂ ਦੁਆਰਾ ਹਾਈਜੈਕ ਕੀਤਾ ਮੀਡੀਆ ਜਿਸ ਤੇ ਸੰਪੂਰਨ ਲੋਕਾਈ ਵਿਸ਼ਵਾਸ ਕਰਦੀ ਹੈ ਅੱਜ ਵਿਸ਼ਵਾਸਘਾਤ ਕਰਦਾ ਨਜ਼ਰ ਆ ਰਿਹਾ ਹੈ। ਅੰਦੋਲਨ ਦੌਰਾਨ ਮੀਡੀਆ ਕਰਪੋਰੇਟ ਘਰਾਣਿਆਂ ਦੇ ਹੱਥਾਂ ਦੀ ਕਠਪੁਤਲੀ ਬਣ ਕੇ ਨੱਚਦਾ ਦਿਖਾਈ ਦੇ ਰਿਹਾ ਹੈ। ਇਸ ਦੁਆਰਾ ਦਿਨ ਰਾਤ ਝੂਠ ਦਾ ਅੰਧਕਾਰ ਫਲਾਉਣ ਲਈ ਹਰ ਸੰਭਵ ਕੋਸ਼ਿਸ਼ ਜਾਰੀ ਹੈ। ਉਹ ਇਸ ਸੰਗਤ ਨੂੰ ਹਜੂਮ ਬਣਾਉਣ ਲਈ ਹਰ ਇਕ

ਚਾਲ ਚੱਲ ਰਿਹਾ ਹੈ। ਅੰਦੋਲਨਕਾਰੀਆਂ ਨੂੰ ਕਦੇ ਪਾਕਿਸਤਾਨ ਦੀ ਚਾਲ ਵਿਚ ਫਸੇ, ਕਦੇ ਲੈਫਟ ਤੇ ਇਲਜ਼ਾਮ ਲਗਾ ਕੇ ਗੋਦੀ ਮੀਡੀਆ ਦੁਆਰਾ ਭੰਡੀ ਪ੍ਰਚਾਰ ਕੀਤਾ ਜਾ ਰਿਹਾ ਹੈ। ਉਹਨਾਂ ਦੁਆਰਾ ਬਣ ਚੁੱਕੇ ਜਨ-ਅੰਦੋਨਲ ਨੂੰ ਉਖਾੜਨ ਲਈ ਹਰ ਸੰਭਵ ਹੀਲਾ ਵਸੀਲਾ ਵਰਤਿਆ ਜਾ ਰਿਹਾ ਹੈ ਪਰੰਤੂ ਅਸੂਲਾਂ ਤੋਂ ਭਟਕੇ ਇਹ ਲੋਕ ਇਹ ਨਹੀਂ ਜਾਣਦੇ ਕਿ ਇਹ ਬਾਬੇ ਨਾਨਕ ਦੇ ਉਪਾਸ਼ਕ ਹਨ ਇਹ ਕਿਸੇ ਵੀ ਕੀਮਤ ਤੇ ਸੰਗਤ ਨੂੰ ਛੱਡ ਹਜ਼ੂਮ ਦਾ ਹਿੱਸਾ ਨਹੀਂ ਬਣਨਗੇ।

ਨੌਜਵਾਨਾ ਵੱਲੋਂ ਟਰਾਲੀ ਟਾਈਮਜ਼ ਅਤੇ ਮੋਰਚਾ ਵਰਗੀਆਂ ਪੱਤ੍ਰਿਕਾਵਾਂ ਸ਼ੁਰੂ ਕਰਕੇ ਗੋਦੀ ਮੀਡੀਆ ਨੂੰ ਮੂੰਹ ਤੋੜਵਾਂ ਜਵਾਬ ਦਿੱਤਾ ਗਿਆ ਫ਼ਰਕ ਕੇਵਲ ਏਨਾ ਸੀ, ਕਿ ਇੱਕ ਆਵਾਜ਼ ਸੱਚ ਦੀ ਸੀ ਅਤੇ ਦੂਜੀ ਆਵਾਜ਼ ਝੂਠ ਦੀ ਸੀ। ਨੌਜਵਾਨ ਪੀੜ੍ਹੀ ਵੱਲੋਂ ਕਲਮ ਦਾ ਜਵਾਬ ਕਲਮ ਨਾਲ ਦੇ ਕੇ ਇਸ ਅੰਦੋਲਨ ਦੀ ਸ਼ਾਨ ਨੂੰ ਬਰਕਰਾਰ ਰੱਖਣ ਵਿਚ ਮੋਹਰੀ ਭੂਮਿਕਾ ਨਿਭਾਈ ਗਈ। ਕੇਂਦਰ ਸਰਕਾਰ ਦੇ ਨੁਮਾਇਦਿਆਂ ਨੇ ਇਸ ਅੰਦੋਲਨ ਨੂੰ ਨਿਖੇੜਨ ਲਈ ਹਰ ਹੀਲਾ-ਵਸੀਲਾ ਵਰਤਿਆ ਪਰ ਇਹਨਾਂ ਦੀ ਆਵਾਜ਼ ਇੱਕੋ ਹੈ। ਅੰਦੋਲਨਕਾਰੀਆਂ ਦੇ ਅਟੁੱਟ ਇਰਾਦਿਆਂ ਨੂੰ ਪਾਤਰ ਸਾਹਿਬ ਕਵਿਤਾ ਵਿੱਚ ਇਸ ਤਰ੍ਹਾਂ ਪੇਸ਼ ਕਰਦੇ ਹਨ :

ਅਸੀਂ ਹੁਣ ਮੁੜ ਨਹੀਂ ਸਕਦੇ
ਅਸੀਂ ਹੁਣ ਥੁੜ ਨਹੀਂ ਸਕਦੇ
ਸੁਨੇਹਾ ਰਾਹ ਚ ਸੁੱਟ ਕੇ
ਹੁਣ ਪਿਛਾਂਹ ਵੱਲ ਉੜ ਨਹੀਂ ਸਕਦੇ
ਜੇ ਆਪਣੇ ਸੱਚ ਤੇ ਸਾਨੂੰ ਰਤਾ ਵੀ ਸ਼ੱਕ ਹੁੰਦਾ
ਜੇ ਤੇਰੇ ਦਿਲ ਵਿਚ ਕੋਈ ਦਰਦ ਹੁੰਦਾ ਮੁੜ ਵੀ ਸਕਦੇ ਸਾਂ।[12]

## ਲਾਲ ਕਿਲ੍ਹੇ ਦੀ ਸ਼ਮੂਲੀਅਤ

26 ਜਨਵਰੀ ਇਕ ਕੌਮੀ ਤਿਉਹਾਰ ਹੈ, ਪਰੰਤੂ ਸਰਕਾਰੀ ਕਾਰਕੁਨਾਂ ਵੱਲੋਂ ਇਸ ਜਸ਼ਨ ਭਰੇ ਦਿਨ ਨੂੰ ਗਮਗੀਨ ਦਿਨ ਬਣਾਉਣ ਦੀਆਂ ਬਹੁਤ ਕੋਝੀਆਂ ਚਾਲਾਂ ਚੱਲੀਆਂ ਗਈਆਂ। ਇਸ ਅੰਦੋਲਨ ਦਾ ਸਮੱਰਥਨ ਕਰਨ ਵਾਲੇ ਹਰ ਵਿਅਕਤੀ ਦੀ ਅੱਖ ਵਿਚੋਂ ਇਸ ਦਿਨ ਹੰਝੂ ਜ਼ਰੂਰ ਟੱਪਕੇ ਹੋਣਗੇ। ਕੇਂਦਰ ਸਰਕਾਰ ਨੈਤਿਕਤਾ ਦੇ ਪੱਧਰ ਤੋਂ ਗਿਰ ਕੇ ਅਨੈਤਿਕ ਤਰੀਕੇ ਨਾਲ ਮਮਤਾ ਦੀਆਂ ਮੂਰਤਾਂ ਨੂੰ ਬਦਨਾਮ ਕਰਨ ਵਿਚ ਕਸਰ ਨਹੀਂ ਛੱਡ ਰਹੀ। ਇਸ ਦਿਨ

ਦੀ ਤੁਲਨਾ ਪਾਤਰ ਸਾਹਿਬ ਦੁਆਰਾ ਇਕ ਉਸ ਖੂਬਸੂਰਤ ਕਿਤਾਬ ਨਾਲ ਕੀਤੀ ਜਿਸ ਨੂੰ ਮੁੱਦਤਾਂ ਦੀ ਮਿਹਨਤ ਤੋਂ ਬਾਅਦ ਲਿਖਿਆ ਗਿਆ ਹੋਵੇ ਤੇ ਅੱਜ ਉਹ ਅੱਗ ਵਿੱਚ ਸੜ ਕੇ ਸਵਾਹ ਹੋ ਗਈ ਹੋਵੇ। 26 ਜਨਵਰੀ ਦੀ ਦਿੱਲੀ ਪਰੇਡ ਦਾ ਸੱਦਾ ਕਿਸਾਨ ਜਥੇਬੰਦੀਆਂ ਵੱਲੋ ਸਮੁੱਚੀ ਲੋਕਾਈ ਨੂੰ ਦਿੱਤਾ ਗਿਆ। ਕਿਸਾਨਾਂ ਵੱਲੋਂ ਸਿਆਣਪ, ਸੂਝਵਾਨ ਤੇ ਦੂਰ ਦ੍ਰਿਸ਼ਟੀ ਦਾ ਸਬੂਤ ਦਿੱਤਾ ਗਿਆ। ਉਹਨਾਂ ਦੁਆਰਾ ਹਰ ਵਿਅਕਤੀ ਨੂੰ ਹੇਠ ਲਿਖੀਆਂ ਸਾਵਧਾਨੀਆਂ ਵਰਤਣ ਦੀ ਪੁਰਜ਼ੋਰ ਤਾਕੀਦ ਕੀਤੀ ਗਈ।

- ਪਹਿਲੀ ਅਪੀਲ-

ਪਰੇਡ ਵਿੱਚ ਸ਼ਾਮਿਲ ਹੋਣ ਵਾਲਾ ਵਿਅਕਤੀ ਦੇਸ਼ ਦੇ ਲੋਕਾਂ ਦੇ ਖਿਲਾਫ ਕੋਈ ਵੀ ਨਾਅਰੇਬਾਜੀ ਨਹੀਂ ਕਰੇਗਾ।

- ਦੂਜੀ ਅਪੀਲ –

ਟਰੈਕਟਰਾਂ ਉੱਪਰ ਆਪਣੀ ਜਥੇਬੰਦੀ ਦੇ ਨਾਲ ਕੌਮੀ ਝੰਡਾ ਲਗਾਉਣਾ ਹੈ ਤਾਂ ਜੋ ਸਰਕਾਰ ਨੂੰ ਪਤਾ ਲੱਗੇ ਕਿ ਅਸੀ ਹਮਲਾਵਰ ਨਹੀਂ ਹਾਂ ਅਸੀਂ ਵੀ ਗਣਤੰਤਰ ਦਿਵਸ ਵਿਚ ਖੁਸ਼ੀ ਨਾਲ ਸ਼ਾਮਿਲ ਹੋਣ ਆਏ ਹਾਂ।

- ਤੀਜੀ ਅਪੀਲ –

ਜੇਕਰ ਇਲਾਕੇ ਵਿਚ ਕੋਈ ਵੀ ਮੰਤਰੀ ਜਾਂ ਨੇਤਾ ਤਿਰੰਗਾ ਲਹਿਰਾਉਣ ਆਉਂਦਾ ਹੈ ਤਾਂ ਉਸ ਦਾ ਵਿਰੋਧ ਨਾ ਕੀਤਾ ਜਾਵੇ।

- ਚੌਥੀ ਅਪੀਲ -

ਨਿਸ਼ਾਨ ਸਾਹਿਬ ਇਸ ਅੰਦੋਲਨ ਦੀ ਸਦਾ ਸ਼ਾਨ ਰਿਹਾ ਹੈ। ਪਰੇਡ ਵਿੱਚ ਸ਼ਾਮਿਲ ਹੋਣ ਵਾਲੀ ਹਰ ਟਰਾਲੀ ਉੱਚੀ ਸੁੱਚੀ ਸੋਚ ਤੇ ਸੱਚ ਦੀ ਉਪਾਸ਼ਕ ਹੋਵੇ। 26 ਜਨਵਰੀ ਦੀ ਕਿਸਾਨ ਪਰੇਡ ਨੇ ਦੇਸ਼ਵਾਸੀਆਂ ਅਤੇ ਦਿੱਲੀ ਵਸਦੇ ਹਰ ਵਿਅਕਤੀ ਦੀਆਂ ਅੱਖਾਂ ਨੂੰ ਨਮ ਕਰਨ ਦੇ ਨਾਲ-ਨਾਲ ਉਹਨਾਂ ਦੇ ਹਿਰਦੇ ਨੂੰ ਵੀ ਟੁੰਬਿਆ ਹੋਵੇਗਾ। 26 ਜਨਵਰੀ ਦੇ ਕਿਸਾਨ ਮਾਰਚ ਬਾਰੇ ਪਾਤਰ ਸਾਹਿਬ ਆਪਣੇ ਭਾਵ ਵਾਰਤਕ ਅਤੇ ਕਵਿਤਾ ਦੇ ਰੂਪ ਵਿੱਚ ਇਸ ਤਰ੍ਹਾਂ ਪੇਸ਼ ਕਰਦੇ ਹਨ।

"ਹਰ ਟ੍ਰੌਲੀ ਕਿਸੇ ਉੱਚੀ-ਸੁੱਚੀ ਕਦਰ ਕੀਮਤ ਨੂੰ ਸਮਰਪਿਤ ਹੋਵੇ। ਬਹਾਦਰੀ, ਪ੍ਰੇਮ, ਸੱਚ, ਬਰਾਬਰੀ, ਭਾਈਵਾਲੀ, ਕਿਰਤ ਦੀ ਕਦਰ, ਸ਼ਹਾਦਤਾਂ ਦੀ ਸ਼ਾਨ, ਪੰਜਾਬ ਦੀ, ਭਾਰਤ ਦੀ

ਨਵ ਸਿਰਜਣਾ ਦੇ ਸੋਹਣੇ ਗੀਤ ਹਵਾ ਵਿੱਚ ਘੁਲਦੇ ਹੋਣ। ਸੋਹਣੇ ਦ੍ਰਿਸ਼ਾਂ ਨਾਲ ਦੋਮੇਲ ਸਜਿਆ ਹੋਵੇ। ਸੋਹਣੀਆਂ ਸੱਤਰਾਂ ਵਾਲੇ ਬੈਨਰ ਹਵਾ ਵਿੱਚ ਲਹਿਰਾਉਂਦੇ ਹੋਣ।"[13]

ਅਸੀਂ ਦੇਖਦੇ ਹਾਂ ਕਿ ਪੈਸੇ ਦੀ ਹੋੜ ਵਿਚ ਹਾਬੜੇ ਹੋਏ ਦੋ ਮੂੰਹੇ ਦੈਂਤਾਂ ਨੇ ਇਸ ਪਰੇਡ ਨੂੰ ਬਦਨਾਮ ਕਰਨ ਲਈ ਅਤੇ ਪੂਰੇ

ਦੇਸ਼ ਵਿੱਚ ਬਣ ਚੁੱਕੀ ਕਿਸਾਨਾਂ ਦੀ ਸਤਿਕਾਰਤ ਹੋਂਦ ਨੂੰ ਖੇਰੂੰ-ਖੇਰੂੰ ਕਰਨ ਲਈ ਪੂਰੀ ਵਾਹ ਲਾਈ। ਇਹਨਾਂ ਝੂਠੇ ਹੁਕਮਰਾਨਾ ਨੂੰ ਸ਼ਾਇਦ ਨਹੀਂ ਪਤਾ ਕਿ ਜਿਨ੍ਹਾਂ ਦੇ ਸਿਰ ਉਪਰ ਸੱਚੇ ਪਾਤਸ਼ਾਹ ਦਾ ਅਸ਼ੀਰਵਾਦ ਹੋਵੇ ਉਹਨਾਂ ਮਾਸੂਮਾਂ ਦਾ ਕੋਈ ਵਾਲ ਵੀ ਵਿੰਗਾ ਕਿਵੇਂ ਕਰ ਸਕਦਾ ਹੈ? 26 ਜਨਵਰੀ ਵਾਲੇ ਦਿਨ ਕਿਸਾਨਾਂ ਵੱਲੋਂ ਕੀਤਾ ਗਿਆ ਕਿਸਾਨ ਮਾਰਚ ਦਿੱਲੀ ਵਸਦੇ ਹਰ ਵਿਅਕਤੀ ਅੰਦਰ ਪ੍ਰੇਮ, ਸੂਰਬੀਰਤਾ, ਦ੍ਰਿੜਤਾ, ਇੱਕਜੁਟਤਾ ਦਾ ਸੰਦੇਸ਼ ਦਿੰਦਾ ਨਜ਼ਰ ਆ ਰਿਹਾ ਹੈ ਇਸਨੂੰ ਪਾਤਰ ਸਾਹਿਬ ਇੱਕ ਕਵਿਤਾ ਵਿੱਚ ਪਰੋ ਕੇ ਇਸ ਤਰ੍ਹਾਂ ਪੇਸ਼ ਕਰ ਰਹੇ ਹਨ:

ਲੋਕ ਕਹਿਣ ਕਈ ਸਾਲਾਂ ਬਾਅਦ
ਸਾਨੂੰ ਹਾਲੇ ਤੱਕ ਹੈ ਯਾਦ
ਆਏ ਸੀ ਏਥੇ ਕਿਰਸਾਨ
ਬੀਜ ਗਏ ਨੇ ਏਥੇ ਪਿਆਰ
ਬੀਜ ਗਏ ਨੇ ਇਕ ਸੁਹਣੀ ਦੁਨੀਆਂ ਦੇ ਸੁਪਨੇ।[14]

ਮਿਹਨਤਕਸ਼ ਲੋਕਾਂ ਦੀ ਰਹਿਨੁਮਾਈ ਖੁਦ ਸਦੀਵੀ ਰਹਿਣ ਵਾਲਾ ਸ਼ਹਿਨਸ਼ਾਹ ਕਰ ਰਿਹਾ ਹੋਵੇ ਇਹਨਾਂ ਚਾਰ ਦਿਨਾਂ ਦੇ ਫਰੇਬੀ ਰਾਜਿਆਂ ਨੂੰ ਸ਼ਾਇਦ ਇਹ ਅੰਦਾਜਾ ਨਹੀਂ ਹੈ, ਕਿ ਸੱਚ ਦੀ ਕਲਮ ਵਿੱਚ ਬਹੁਤ ਤਾਕਤ ਹੁੰਦੀ ਹੈ। ਇਸ ਮੰਦਭਾਗੇ ਦਿਨ ਦੇ ਬੀਤ ਜਾਣ ਤੋਂ ਬਾਅਦ ਅੰਦੋਲਨ ਉਵੇਂ ਹੀ ਆਪਣੀ ਸ਼ਾਨੋ ਸ਼ੌਕਤ ਨੂੰ ਕਾਇਮ ਰੱਖਦਾ ਹਰ ਰੋਜ਼ ਅਗਲੇ ਪੜਾਅ ਵਿੱਚ ਪ੍ਰਵੇਸ਼ ਕਰਦਾ ਰਿਹਾ। ਸਮੁੱਚੀ ਮਾਨਵਤਾ ਸਰਬ-ਸਾਂਝੀਵਾਲਤਾ ਦੀ ਪ੍ਰਭਾਤ ਫੇਰੀ ਨਾਲ ਆਪਣੀ ਸ਼ਾਨੋ ਸ਼ੌਕਤ ਨਾਲ ਅੱਗੇ ਤੁਰੀ ਜਾ ਰਿਹਾ ਸੀ। ਪਰਮਾਤਮਾ ਦੀ ਹੋਂਦ ਨੂੰ ਸਵੀਕਾਰਦੇ ਹੋਏ ਪਾਤਰ ਸਾਹਿਬ ਲਿਖਦੇ ਹਨ, ਕਿ ਇਹ ਅੰਦੋਲਨ ਕਦੇ ਵੀ ਪਿੱਛੇ ਵੱਲ ਨਹੀਂ ਪਰਤ ਸਕਦਾ, ਕਿਉਂਕਿ ਇਸ ਵਿੱਚ "ਰੱਬ ਦੀ ਰੱਬਤਾ ਸਭ ਮਜ਼ਬਾਂ, ਨਸਲਾਂ, ਦੇਸਾਂ ਦੀਆਂ ਮਾਵਾਂ ਦੀ ਮਮਤਾ ਵੀ ਸ਼ਾਮਿਲ ਹੈ ਤੇ ਅਰਬਾਂ ਖ਼ਰਬਾਂ ਗਰੀਬਾਂ, ਮਸਕੀਨਾਂ ਦੇ ਵਗੇ

ਤੇ ਅਣਵਗੇ ਅੱਥਰੂ ਵੀ ਸ਼ਾਮਿਲ ਹਨ।"[15] ਉਪਰੋਕਤ ਹਵਾਲੇ ਵਿਚ 26 ਜਨਵਰੀ ਵਾਲੇ ਵਾਕਿਆ ਦੀ ਹਨੇਰੀ ਟਲ ਜਾਣ ਤੋਂ ਬਾਅਦ ਅੰਦੋਲਨ ਮੁੜ ਤੋਂ ਆਪਣੀ ਸ਼ਾਨੋ ਸ਼ੌਕਤ ਨੂੰ ਬਰਕਰਾਰ ਰੱਖਦਾ ਅੱਗੇ ਤੁਰਦਾ ਹੈ। ਸੁਰਜੀਤ ਪਾਤਰ ਹੇਠ ਲਿਖੀ ਕਵਿਤਾ ਰਾਹੀਂ ਸਿਰੜੀ ਲੋਕਾਂ ਦੇ ਬਹਾਏ ਗਏ ਹੰਝੂਆਂ ਦੀ ਮਹੱਤਤਾ ਬਾਰੇ ਗੱਲ ਕਰਦੇ ਲਿਖਦੇ ਹਨ ਕਿ ਇਹ ਹੰਝੂ ਵਿਅਰਥ ਨਹੀਂ ਜਾਣਗੇ ਸਗੋਂ ਇਹ ਭਵਿੱਖ ਦਾ ਰਾਹ ਦੱਸਣ ਲਈ ਕਾਰਗਰ ਸਾਬਿਤ ਹੋਣਗੇ।

ਮਹਾਂ ਦਰਿਆ ਹੈ, ਤੂੰ ਐਵੇਂ ਨਾ ਸਮਝੀਂ
ਮਨੁੱਖੀ ਹੰਝੂਆਂ ਦੀ ਇਸ ਨਦੀ ਨੂੰ
ਤੇਰਾ ਖੰਜਰ ਨਹੀਂ, ਮੇਰਾ ਲਹੂ ਹੀ
ਭਲਕ ਦਾ ਰਾਹ ਦੱਸੇਗਾ ਸਦੀ ਨੂੰ ।[16]

ਅੰਦੋਲਨ ਇਸ ਤਰ੍ਹਾਂ ਦੇ ਸੰਵੇਦਨਸ਼ੀਲ ਹੋਣੇ ਚਾਹੀਦੇ ਹਨ, ਜੋ ਹਾਕਮ ਨੂੰ ਸੱਚ ਦੇ ਅੱਗੇ ਝੁਕਾ ਕੇ ਧਰਤ ਹੀ ਕਰ ਜਾਣ। ਸਰਕਾਰ ਦੁਆਰਾ ਪਹਿਲਾਂ ਆਪ ਹੀ ਪ੍ਰਦਰਸ਼ਨਕਾਰੀਆਂ ਨੂੰ ਗਣਤੰਤਰ ਦਿਵਸ ਦੀ ਪਰੇਡ ਕਰਨ ਦੀ ਹਾਮੀ ਭਰੀ ਗਈ ਸੀ। ਸਰਕਾਰ ਦੁਆਰਾ ਆਪ ਹੀ ਆਪਣੇ ਮਿੱਥੇ ਟੀਚੇ ਵੱਲ ਵੱਧਦੇ ਕਿਸਾਨ ਵੀਰਾਂ ਨੂੰ ਗੁੰਮਰਾਹ ਕਰਕੇ ਉਹਨਾਂ ਨੂੰ ਮਿੱਥੇ ਟੀਚੇ ਤੋਂ ਭੜਕਾਇਆ ਗਿਆ ਤੇ ਦੋਸ਼ੀ ਕਰਾਰ ਕਰ ਦਿੱਤਾ ਗਿਆ। ਸ਼ਰਾਰਤੀ ਅਨਸਰਾਂ ਵੱਲੋਂ ਆਪ ਹੀ ਭੋਲੇ ਭਾਲੇ ਕਿਸਾਨਾਂ ਦਾ ਰਾਹ ਲਾਲ ਕਿਲ੍ਹੇ ਵੱਲ ਮੋੜ ਦਿੱਤਾ ਗਿਆ ਤੇ ਨਿਸ਼ਾਨ ਸਾਹਿਬ ਝੁਲਾਉਣ ਦਿੱਤਾ ਗਿਆ ਤਾਂ ਜੋ ਕਿਰਤੀ, ਇਮਾਨਦਾਰ, ਸਿਰੜੀ ਲੋਕਾਂ ਦੁਆਰਾ ਵਿੱਢੇ ਕਿਸਾਨੀ ਸੰਘਰਸ਼ ਨੂੰ ਪੂਰੀ ਤਰ੍ਹਾਂ ਬਦਨਾਮ ਕਰਕੇ ਖੇਰੂੰ-ਖੇਰੂੰ ਕਰ ਦਿੱਤਾ ਜਾਵੇ। ਕੇਂਦਰ ਸਰਕਾਰ ਵੱਲੋਂ ਪੂਰੀ ਜਾਅਲਸਾਜੀ ਕਰਕੇ ਕਿਸਾਨਾਂ ਨੂੰ ਦੇਸ਼ ਧ੍ਰੋਹੀ ਸਾਬਿਤ ਕਰਨ ਦਾ ਹਰ ਹੀਲਾ ਵਸੀਲਾ ਵਰਤਿਆ ਗਿਆ।

## ਹੰਝੂਆਂ ਦੀ ਸ਼ਮੂਲੀਅਤ

26 ਜਨਵਰੀ ਵਾਲੇ ਘਟਨਾ ਕ੍ਰਮ ਤੋਂ ਬਾਅਦ ਟਿਕੈਤ ਦੁਆਰਾ ਵਹਾਏ ਹੰਝੂਆਂ ਨੇ ਅੰਦੋਲਨ ਨੂੰ ਨਵੀਂ ਦਿਸ਼ਾ ਦਿੱਤੀ। ਟਿਕੈਤ ਦੇ ਅੱਥਰੂ ਸੰਪੂਰਨ ਮਾਨਵਤਾ ਦੇ ਅੱਥਰੂ ਬਣ ਕੇ ਉਪਜੇ। ਅੰਦੋਲਨ ਦੇ ਪਹਿਲੇ ਪੜਾਅ ਵਿਚ ਹੀ ਸਰਕਾਰੀ ਅਨਸਰਾਂ ਤੇ ਜ਼ਰਖ਼ਰੀਦ ਲੋਕਾਂ ਵੱਲੋਂ ਇਸ ਅੰਦੋਲਨ ਨੂੰ ਜੜ੍ਹ ਤੋਂ ਉਖੇੜਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਗਈ। ਉੱਥੇ ਹੀ ਮਨੁੱਖ ਅੰਦਰ

ਉਪਜੀਆਂ ਦੁੱਖ ਦੀਆਂ ਭਾਵਨਾਵਾਂ ਜਾਂ ਅਸਿਹ ਦਰਦ ਨੂੰ ਬਿਆਨ ਕਰਦੇ ਟਿਕੈਤ ਦੇ ਹੰਝੂਆਂ ਨੇ ਅੰਦੋਲਨ ਨੂੰ ਸਿਖਰ ਵੱਲ ਲਿਜਾਣ ਲਈ ਮੀਲ ਪੱਥਰ ਦਾ ਕਾਰਜ ਕੀਤਾ। ਝੂਠੇ ਹੁਕਮਰਾਨਾ ਨੂੰ ਸ਼ਾਇਦ ਅੱਜ ਸੱਚ ਦੇ ਹੰਝੂਆਂ ਦੀ ਕੀਮਤ ਦਾ ਅੰਦਾਜਾ ਜ਼ਰੂਰ ਹੋਇਆ ਹੋਵੇਗਾ ਜਦੋਂ ਅੰਦੋਲਨ ਹਰ ਰੋਜ ਜਿੱਤ ਵੱਲ ਜਾਂਦਾ ਅੰਤਿਮ ਪੜਾਅ ਤੇ ਫ਼ਤਿਹ ਹਾਸਿਲ ਕਰਦਾ ਹੈ। ਟਿਕੈਤ ਦੇ ਹੰਝੂਆਂ ਨੇ ਸਮੁੱਚੀ ਲੁਕਾਈ ਨੂੰ ਇਸ ਤਰ੍ਹਾਂ ਵੰਗਾਰ ਪਾਈ ਕਿ ਇਸ ਤੋਂ ਬਾਅਦ ਅੰਦੋਲਨ ਵਿਚ ਸ਼ਿਰਕਤ ਕਰਨ ਵਾਲੇ ਵਰਗਾਂ ਦਾ ਅੰਦਾਜਾ ਵੀ ਨਹੀਂ ਲਗਾਇਆ ਜਾ ਸਕਦਾ ਸੀ। ਦੇਖਦੇ ਹੀ ਦੇਖਦੇ ਭਾਰਤ ਮਾਂ ਦੇ ਜਾਏ ਪੁੱਤਰ, ਧੀਆਂ ਇਸ ਅੰਦੋਲਨ ਦੀ ਧੜਕਣ ਬਣਦੇ ਚਲੇ ਗਏ। ਟਿਕੈਤ ਦੇ ਹੰਝੂਆਂ ਨੇ ਇਕ ਵਾਰ ਮੱਠੇ ਪਏ ਹਰ ਵਿਅਕਤੀ ਦੇ ਖ਼ੂਨ ਨੂੰ ਮੁੜ ਤੋਂ ਚਲਾਉਣ ਲਈ ਇਕ ਦਿਲ ਵਾਲਾ ਕਾਰਜ ਕੀਤਾ। ਅੰਦੋਲਨ ਵਿੱਚ ਟਿਕੈਤ ਦੁਆਰਾ ਵਹਾਏ ਹੰਝੂਆਂ ਦੀ ਸ਼ਮੂਲੀਅਤ ਨੂੰ ਪਾਤਰ ਸਾਹਿਬ ਨਿਮਨਲਿਖਿਤ ਕਵਿਤਾ "ਇੱਕ ਅਥਰੂ ਨੇ ਹਰਿਆ ਕੀਤਾ ਕੋਹਾਂ ਤੀਕਰ ਬੰਜਰ ਸੀ" ਵਿੱਚ ਇਸ ਤਰ੍ਹਾਂ ਪੇਸ਼ ਕਰ ਰਹੇ ਹਨ :

"ਇੱਕ ਅਥਰੂ ਨੇ ਹਰਿਆ ਕੀਤਾ
ਕੋਹਾਂ ਤੀਕਰ ਬੰਜਰ ਸੀ।
ਪਲਕਾਂ ਤੇ ਇੱਕ ਬੂੰਦ ਹੀ ਆਈ
ਦਿਲ ਵਿਚ ਕੋਈ ਸਮੁੰਦਰ ਸੀ
ਦੇਖਣ ਨੂੰ ਇਕ ਕਤਰਾ ਪਾਣੀ
ਕੀ ਕੁਝ ਓਦੇ ਅੰਦਰ ਸੀ
ਵਿਲਕ ਉੱਠੀਆਂ ਧਰਤੀ ਚੋਂ ਮਾਵਾਂ
ਪੁੱਤ ਦੇ ਰੋਣ ਦਾ ਮੰਜ਼ਰ ਸੀ।"[17]

ਟਿਕੈਤ ਦੁਆਰਾ ਵਹਾਏ ਹੰਝੂਆਂ ਨੇ ਬਿਖ਼ਰ ਚੁੱਕੇ ਕਿਸਾਨੀ ਅੰਦੋਲਨ ਨੂੰ ਮੁੜ ਤੋਂ ਸੁਰਜੀਤ ਕਰਨ ਵਿੱਚ ਮੋਹਰੀ ਭੂਮਿਕਾ ਨਿਭਾਈ।

**ਵਿਛੜ ਚੁੱਕੇ ਪੁਰਖਿਆਂ ਦੀ ਸ਼ਮੂਲੀਅਤ**

ਅੰਦੋਲਨ ਵਿੱਚ ਵਿੱਛੜ ਚੁੱਕੇ ਪੁਰਖਿਆਂ ਦੀ ਸ਼ਮੂਲੀਅਤ ਦੀ ਗੱਲ ਕਰਦੇ ਅਸੀਂ ਆਖ ਸਕਦੇ ਹਾਂ, ਕਿ ਕਿਸਾਨੀ ਅੰਦੋਲਨ

ਕੇਵਲ ਧਰਤੀ ਉੱਤੇ ਹੀ ਕਈ ਮੀਲਾਂ ਤੱਕ ਨਹੀਂ ਫੈਲਿਆ ਸਗੋਂ ਇਹ ਤਾਂ ਸਾਡੇ ਦਿਲਾਂ ਉੱਤੇ ਸਦੀਵੀ ਜਿਉਂਦਾ ਰਹੇਗਾ ਪਰੰਤੂ ਉਹਨਾਂ ਪੈਸੇ ਦੇ ਹਾਬੜੇ ਦੈਂਤਾ ਦਾ ਕਦੀ ਕੋਈ ਨਾਂ ਨਿਸ਼ਾਨ ਨਹੀਂ ਰਹੇਗਾ ਜਿਨਾਂ ਨੇ ਪਹਿਲਾਂ ਕੁਦਰਤੀ ਖਜ਼ਾਨਿਆਂ ਉੱਤੇ ਅਤੇ ਹੁਣ ਉਹ ਪਿੰਡਾ ਅਤੇ ਸ਼ਹਿਰਾਂ ਦੀਆਂ ਉਪਜਾਊ ਜ਼ਮੀਨਾ ਹੜੱਪਣ ਲਈ ਤੱਤਪਰ ਹਨ। ਏਥੇ ਹੀ ਬੱਸ ਨਹੀਂ ਸਰਮਾਏਦਾਰਾਂ ਵੱਲੋਂ ਪੰਜਾਬ ਦੀ ਨੌਜਵਾਨ ਪੀੜ੍ਹੀ ਉੱਤੇ ਨਸ਼ੇੜੀ, ਵਿਹਲੜ ਆਦਿ ਜਿਹੇ ਇਲਜ਼ਾਮ ਲਗਾ ਕੇ ਉਹਨਾਂ ਨੂੰ ਪੁਰਖਿਆਂ ਨਾਲੋਂ ਤੋੜਨ ਦਾ ਯਤਨ ਵੀ ਕੀਤਾ ਗਿਆ, ਪਰੰਤੂ ਇਸ ਅੰਦੋਲਨ ਵਿਚ ਅਸੀਂ ਦੇਖਦੇ ਹਾਂ ਕਿ ਉਹੀ ਨੌਜਵਾਨ ਆਪਣੇ ਸਤਿਕਾਰਤ ਬਜ਼ੁਰਗਾਂ ਦੀ ਢਾਲ ਬਣ ਕੇ ਸਾਹਮਣੇ ਖਲੋਂਦੇ ਹਨ। ਇਹਨਾਂ ਦੇ ਬੁਲੰਦ ਹੌਂਸਲੇ ਦੇਖ ਕੇ ਇਹ ਅਹਿਸਾਸ ਹੁੰਦਾ ਹੈ ਕਿ ਪੰਜਾਬ ਮਰਿਆ ਨਹੀਂ ਜਿਉਂਦਾ ਹੈ। ਨੌਜਵਾਨ ਵਰਗ ਅੰਦਰ ਅੱਜ ਵੀ ਵਿਛੜ ਚੁੱਕੇ ਆਪਣੇ ਪੁਰਖਿਆਂ ਦੀ ਯਾਦ ਤੇ ਸਿਦਕ ਦਿਲਾਂ ਵਿਚ ਅੱਜ ਵੀ ਬਰਕਰਾਰ ਹੈ। ਵਿਛੜ ਚੁੱਕੇ ਸਾਡੇ ਬਜ਼ੁਰਗ ਭਾਵੇਂ ਸਰੀਰਕ ਤੌਰ ਤੇ ਇਸ ਅੰਦੋਲਨ ਵਿੱਚ ਸ਼ਾਮਿਲ ਨਹੀਂ ਹਨ, ਪਰੰਤੂ ਨੌਜਵਾਨ ਪੀੜੀ ਦੇ ਚੇਤਿਆਂ ਵਿੱਚ ਉਹ ਸਦਾ ਲਈ ਅਮਰ ਹਨ। ਚੜ੍ਹ ਕੇ ਵੈਰੀ ਨਾਲ ਕਿਵੇਂ ਨਜਿੱਠਣਾ, ਵੈਰੀ ਦੀ ਈਨ ਨਾ ਮੰਨਣਾ, ਅਣਖ ਤੇ ਗੈਰਤ ਨਾਲ ਜਿਉਣਾ ਆਦਿ ਅਨੇਕਾਂ ਹੀ ਸੰਸਕਾਰ ਨੌਜਵਾਨਾ ਅੰਦਰ ਜੋ ਪਲਦੇ ਹਨ ਇਹ ਸਭ ਪੁਰਖਿਆਂ ਦੇ ਹੀ ਦਿੱਤੇ ਹੋਏ ਸੰਸਕਾਰ ਹਨ। ਉਹਨਾਂ ਦੀ ਬਦੌਲਤ ਹੀ ਨੌਜਵਾਨਾ ਨੇ ਜਾਬਤੇ ਵਿੱਚ ਰਹਿ ਕੇ ਇਸ ਅੰਦੋਲਨ ਉੱਤੇ ਫ਼ਤਿਹ ਹਾਸਿਲ ਕੀਤੀ ਹੈ। ਨੌਜਵਾਨਾ ਨੇ ਵਿੱਛੜ ਚੁੱਕੇ ਪੁਰਖਿਆਂ ਤੇ ਆਪਣੇ ਬਜ਼ੁਰਗਾਂ ਦਾ ਸਿਰ ਪੂਰੀ ਦੁਨੀਆਂ ਵਿਚ ਉੱਚਾ ਚੁੱਕਿਆ ਹੈ। ਨੌਜਵਾਨ ਪੀੜ੍ਹੀ ਅੰਦਰ ਤਿੰਨੇ ਕਾਲੇ ਕਾਨੂੰਨ ਰੱਦ ਕਰਵਾਉਣ ਦਾ ਜ਼ਜਬਾ ਉਹਨਾਂ ਦੀ ਮਾਂ ਵਰਗੀ ਜ਼ਮੀਨ ਨਾਲ ਮੋਹ ਪਿਆਰ ਨੂੰ ਦਰਸਾਉਂਦਾ ਹੈ। ਉਹ ਆਖਦੇ ਹਨ ਕਿ ਅਸੀਂ ਉਸ ਧਰਤ ਵੱਲ ਇਹਨਾਂ ਤਿੰਨੇ ਕਾਲੇ ਕਾਨੂੰਨਾਂ ਨੂੰ ਰੱਦ ਕਰਵਾ ਕੇ ਮੁੜਨਾ ਹੈ ਜਿੱਥੇ ਖ਼ੁਦਕੁਸ਼ੀਆਂ ਉੱਗਦੀਆਂ ਹਨ। ਅਸੀਂ ਜ਼ੁਲਮ ਨਾਲ ਟੱਕਰ ਲੈ ਕੇ ਤੇ ਫ਼ਤਿਹ ਹਾਸਿਲ ਕਰਕੇ ਹੀ ਪਰਤਣਾ ਹੈ, ਕਿਉਂਕਿ ਅਸੀਂ ਭਾਜਵਾਦੀ ਨਹੀਂ ਹਾਂ। ਅਨਿਆਂ ਖਿਲਾਫ਼ ਲੜ੍ਹਦੇ ਹੋਏ ਅਸੀਂ ਆਪਣੇ ਸਤਿਕਾਰਤ ਪੁਰਖਿਆਂ ਦੀ ਸੰਗਤ ਮਹਿਸੂਸ ਕਰਦੇ ਹਾਂ। ਜਦੋਂ ਅਸੀਂ ਪੰਜਾਬ ਤੋਂ ਚੱਲੇ ਸੀ ਅਸੀਂ ਬਹੁਤ ਹੀ ਕੱਲੇ ਕੱਲੇ ਮਹਿਸੂਸ ਕਰਦੇ ਸੀ ਪਰੰਤੂ ਹੁਣ ਅਸੀਂ ਕੱਲੇ ਨਹੀਂ ਸਗੋਂ ਇਸ ਤਰ੍ਹਾਂ ਲੱਗ ਰਿਹਾ ਹੈ ਸਾਥੋਂ ਵਿਛੜੇ ਵੀ ਕਿਸੇ ਨਾ ਕਿਸੇ ਰੂਪ ਵਿਚ ਸਾਡੇ ਨਾਲ ਆਣ ਖੜੇ ਹਨ। ਵਿੱਛੜੀਆਂ ਰੂਹਾਂ

ਸਾਡੇ ਦਿਲ ਅੰਦਰ ਧੜਕ ਰਹੀਆਂ ਹਨ। ਇਸ ਤਰ੍ਹਾਂ ਪ੍ਰਤੀਤ ਹੋ ਰਿਹਾ ਕਿ ਚਿਰਾਂ ਦੇ ਵਿੱਛੜੇ ਪੁਰਖੇ ਦਿੱਲੀ ਦੀਆਂ ਬਰੂਹਾਂ ਤੇ ਸਾਡੀ ਹੌਂਸਲਾ ਅਫਜ਼ਾਈ ਕਰਨ ਲਈ ਆਣ ਖੜੇ ਹਨ। ਇਸ ਮਿਲਾਪ ਨੂੰ ਪਾਤਰ ਸਾਹਿਬ ਇਸ ਤਰ੍ਹਾਂ ਚਿੱਤਰ ਰਹੇ ਹਨ :

ਜੋ ਵਿੱਛੜੇ ਸਨ ਬਹੁਤੇ ਚਿਰ ਦੇ
ਤੇ ਸਾਰੇ ਸੋਚਦੇ ਸਨ
ਇਹ ਸਾਡਾ ਹੌਂਸਲਾ, ਅਪਣੱਤ,
ਉਹ ਜਿੰਦਾਦਿਲੀ, ਪੌਰਖ
ਗੁਰਾਂ ਦੀ ਓਟ ਦਾ ਵਿਸ਼ਵਾਸ
ਇਹ ਕਿੱਥੇ ਗਏ ਸਾਰੇ।[18]

ਉਪਰੋਕਤ ਕਥਨ ਤੋਂ ਬਾਅਦ ਅਸੀਂ ਆਖ ਸਕਦੇ ਹਾਂ, ਕਿ ਨੌਜਵਾਨ ਪੀੜ੍ਹੀ ਅੰਦਰ ਪੈਦਾ ਹੋਇਆ ਖਲਾਅ ਜਾਂ ਸੁੰਨਾਪਨ ਇਸ ਅੰਦੋਲਨ ਕਾਰਨ ਭਰਦਾ ਮਹਿਸੂਸ ਹੁੰਦਾ ਹੈ। ਇਸ ਤੋਂ ਇਲਾਵਾ ਪਾਤਰ ਸਾਹਿਬ ਭਵਿੱਖ ਬਾਰੇ ਇਹ ਕਾਮਨਾ ਕਰਦੇ ਪ੍ਰਤੀਤ ਹੁੰਦੇ ਹਨ ਕਿ ਅੰਦੋਲਨ ਨੂੰ ਫ਼ਤਿਹ ਕਰਨ ਉਪਰੰਤ ਅਸੀਂ ਹੁਣ ਕਦੇਂ ਵਿੱਛੜਨਾ ਨਹੀਂ ਕਿਉਂਕਿ ਵਿਛੋੜੇ ਅਸੀਂ ਬਹੁਤ ਸਹਿ ਚੁੱਕੇ ਹਾਂ ਹੁਣ ਤੋਂ ਬਾਅਦ ਦੁੱਖ-ਸੁੱਖ ਹਰ ਭਾਰਤ ਵਾਸੀ ਦੇ ਸਾਂਝੇ ਹੋਣਗੇ।

**ਨਵ-ਜੀਵਨ ਦੀ ਸ਼ਮੂਲੀਅਤ**

ਕਿਸਾਨੀ ਅੰਦੋਲਨ ਸਮੇਂ ਹਰ ਦੁੱਖ ਅਤੇ ਸੁੱਖ ਵਿਚ ਸ਼ਰੀਕ ਹੋਏ ਛੋਟੇ ਬੱਚੇ ਭਾਵ ਨਵ-ਜੀਵਨ ਦੀ ਸ਼ਮੂਲੀਅਤ ਨੂੰ ਵੀ ਨਜ਼ਰ ਅੰਦਾਜ ਨਹੀਂ ਕੀਤਾ ਜਾ ਸਕਦਾ। ਭਾਰਤ ਵਾਸੀਆਂ ਦੁਆਰਾ ਦਿੱਲੀ ਦੇ ਬਾਰਡਰਾਂ ਤੇ ਅਨੇਕਾਂ ਤਿਉਹਾਰ ਰਲ-ਮਿਲ ਕੇ ਮਨਾਏ ਗਏ। ਤਿਉਹਾਰ ਸਾਡੀ ਉਦਾਸ ਪਈ ਮਾਨਸਿਕਤਾ ਨੂੰ ਤਰੋ-ਤਾਜ਼ਾ ਕਰਦੇ ਹਨ। ਦਿੱਲੀ ਦੇ ਬਾਰਡਰਾਂ ਤੇ ਮਨਾਏ ਜਾਣ ਵਾਲੇ ਤਿਉਹਾਰਾਂ ਵਿਚ 'ਲੋਹੜੀ' ਦਾ ਤਿਉਹਾਰ ਬਹੁਤ ਹੀ ਮਹੱਤਵਪੂਰਨ ਤੇ ਜਸ਼ਨ ਦਾ ਦਰਜ਼ਾ ਹਾਸਿਲ ਕਰਦਾ ਹੈ ਜਦੋਂ ਅਸੀਂ ਦੇਖਦੇ ਹਾਂ ਕਿ ਪੁੱਤਰ ਦੇ ਜਨਮ ਦੀ ਖੁਸ਼ੀ ਵਿਚ ਇਕ ਪਰਿਵਾਰ ਮਾਸੂਮ ਬੱਚੇ ਨੂੰ ਸਿੰਘੂ ਬਾਰਡਰ ਤੇ ਲੈ ਕੇ ਆਉਂਦਾ ਹੈ। ਇਸ ਮਾਸੂਮ ਦੀ ਸ਼ਮੂਲੀਅਤ ਅੰਦੋਲਨ ਲਈ ਚੜ੍ਹਦੀ ਕਲਾ ਦਾ ਪ੍ਰਤੀਕ ਹੈ। ਪਾਤਰ ਸਾਹਿਬ ਮਾਸੂਮ ਬੱਚੇ ਦੇ ਚਿਹਰੇ ਨੂੰ ਨਹਾਰਦੇ ਹੋਏ ਲਿਖਦੇ ਹਨ, "ਕਿ ਬੱਚੇ ਦਾ ਰੱਬੀ ਮੁਖੜਾ ਧੂਣੀ ਦੀ ਲਾਟ ਵਿੱਚ ਇਸ ਤਰ੍ਹਾਂ ਜਗ ਰਿਹਾ ਸੀ ਜਿਵੇਂ ਅੰਦੋਲਨ ਨੂੰ ਹੋਰ ਪਾਵਨ ਬਣਾ ਰਿਹਾ ਹੋਵੇ।"[19]

ਬਾਲਕ ਦਾ ਸੋਹਣਾ ਮੁੱਖੜਾ ਆਪਣੀ ਹੋਂਦ ਨੂੰ ਬਚਾਉਣ ਦਾ ਸਵਾਲ ਕਰਦਾ ਵੀ ਨਜ਼ਰੀ ਆ ਰਿਹਾ ਹੈ। ਬਾਰਡਰ 'ਤੇ ਬੱਚੇ ਦੀਆਂ ਕਿਲਕਾਰੀਆਂ ਅੰਦੋਲਨਕਾਰੀਆਂ ਨੂੰ ਜਿੱਤ ਲਈ ਉਤਸ਼ਾਹਿਤ ਵੀ ਕਰਦੀਆਂ ਪ੍ਰਤੀਤ ਹੋ ਰਹੀਆਂ ਹਨ। ਉਪਰੋਕਤ ਵਿਵਰਣ ਤੋਂ ਬਾਅਦ ਅਸੀਂ ਆਖ ਸਕਦੇ ਹਾਂ, ਕਿ ਏਹੋ ਜਿਹੀ ਦੁੱਖ ਦੀ ਘੜੀ ਵਿਚ ਵੀ ਦੇਸ਼ ਵਾਸੀਆਂ ਨੇ ਬਾਰਡਰਾਂ ਤੇ ਅਨੇਕਾਂ ਤਿਉਹਾਰ ਮਨਾ ਕੇ ਇਹ ਸਾਬਿਤ ਕੀਤਾ ਹੈ ਕਿ
ਤਿਉਹਾਰਾਂ ਨੂੰ ਮਨਾਉਣ ਦੇ ਜ਼ਜ਼ਬੇ ਉਹਨਾਂ ਅੰਦਰ ਅਜੇ ਤੱਕ ਜਿਉਂਦੇ ਹਨ।

**ਧਰਤੀ ਮਾਂ ਦੀ ਸ਼ਮੂਲੀਅਤ**

ਜਿਸ ਧਰਤੀ ਮਾਂ ਦੀ ਗੋਦ ਵਿੱਚ ਇਹ ਅੰਦੋਲਨ ਸ਼ੁਰੂ ਹੋਇਆ ਤੇ ਫ਼ਤਿਹ ਹਾਸਿਲ ਕੀਤੀ ਉਸ ਦੀ ਮਹੱਤਤਾ ਨੂੰ ਸੁਰਜੀਤ ਪਾਤਰ ਆਪਣੀ ਕਲਮ ਰਾਹੀਂ ਇਸ ਤਰ੍ਹਾਂ ਬਿਆਨ ਕਰਦੇ ਹਨ। ਉਹ ਆਖਦੇ ਹਨ,

"ਜਦੋਂ ਤਿੰਨ ਕਾਨੂੰਨਾਂ ਦੀ ਗੱਲ ਤੁਰਦੀ ਸੀ ਤਾਂ ਸੱਭ ਤੋਂ ਪਹਿਲਾਂ ਮੈਨੂੰ ਪਿੰਡਾਂ ਦੇ ਉੱਜੜ ਜਾਣ ਦਾ ਖਿਆਲ ਆਇਆ ਸੀ। ਮੈਨੂੰ ਆਪਣਾ ਪਿੰਡ ਬਹੁਤ ਯਾਦ ਆਇਆ । ਆਪਣੇ ਬਚਪਨ ਦਾ ਪਿੰਡ। ਪੁਰਾਣਾ ਪਿੰਡ ਹੁਣ ਜੋ ਬਹੁਤ ਬਦਲ ਗਿਆ ਹੈ।"[20]

ਪਿੰਡ ਦੇ ਖੁੱਸ ਜਾਣ ਦਾ ਤੌਖ਼ਲਾ, ਦਰਦ ਉਹਨਾਂ ਦੁਆਰਾ ਲਿਖੇ ਨਿਬੰਧ "ਤੂੰ ਧਰਤੀ ਵਾਗੂੰ ਬੋਲ ਤੂੰ ਦੀਵਾਰਾਂ ਵਾਂਗੂੰ ਨਾ ਬੋਲ" ਵਿੱਚ ਸਾਫ਼ ਝਲਕਦਾ ਹੈ। ਪਿੰਡ ਦੇ ਉੱਜੜ ਜਾਣ ਦਾ ਖਿਆਲ ਮਨ ਵਿਚ ਆਉਣਾ ਉਹਨਾਂ ਲਈ ਅਸਹਿ ਪੀੜ ਹੈ, ਪਰੰਤੂ ਅਸੀਂ ਦੇਖਦੇ ਹਾਂ ਕਿ ਇਹ ਦਰਦ ਕੇਵਲ ਸੁਰਜੀਤ ਪਾਤਰ ਹੁਰਾਂ ਦਾ ਨਹੀਂ ਸਗੋਂ ਸਮੁੱਚੀ ਲੋਕਾਈ ਦਾ ਦਰਦ ਬਣ ਕੇ ਪੇਸ਼ ਹੁੰਦਾ ਹੈ। ਇਸ ਦਰਦ ਦੀ ਲਪੇਟ ਵਿਚ ਜ਼ਮੀਨ ਤੋਂ ਹੀਣੇ ਵਿਅਕਤੀ ਵੀ ਸ਼ਾਮਿਲ ਹਨ, ਕਿਉਂਕਿ ਉਹ ਵੀ ਕਿਸਾਨਾਂ ਦੁਆਰਾ ਉਗਾਈ ਫ਼ਸਲ ਤੋਂ ਹੀ ਜੀਵਨ ਦੀ ਹੋਂਦ ਨੂੰ ਸਵੀਕਾਰਦੇ ਹਨ। ਅਸੀਂ ਦੇਖਦੇ ਹਾਂ ਕਿ ਆਮ ਲੋਕਾਈ ਵੱਲੋਂ ਸ਼ੋਸ਼ਣ ਕਰਨ ਵਾਲੀ ਧਿਰ ਤੇ ਕਰਾਰੇ ਵਿਅੰਗ ਕੱਸੇ ਜਾਂਦੇ ਹਨ ਜਦੋਂ ਝੂਠੇ ਦੈਤਾਂ ਵੱਲੋਂ ਉਹਨਾਂ ਨੂੰ ਪਾਣੀਆਂ ਬਾਰੇ ਸਵਾਲ ਪੁੱਛ ਕੇ ਉਹਨਾਂ ਦੇ ਹੌਂਸਲੇ ਨੂੰ ਤੋੜਨ ਦਾ ਯਤਨ ਕੀਤਾ ਜਾਂਦਾ ਹੈ ਪਰੰਤੂ ਇਹਨਾਂ ਭੋਲੇ-ਭਾਲੇ ਨਿਰਲੇਪ ਲੋਕਾਂ ਦਾ ਜਵਾਬ ਸੁਣ ਕੇ ਦਿਲ ਇਹਨਾਂ ਨੂੰ ਸਿਜਦਾ ਕਰਨੋ ਨਹੀਂ ਰਹਿ ਸਕਦਾ। ਉਹ ਆਖਦੇ ਹਨ, "ਪਾਣੀ ਕੀ ਕਰਾਂਗੇ, ਜੇ ਜ਼ਮੀਨਾਂ ਹੀ ਨਾ ਰਹੀਆਂ"?[21]

ਏਥੇ ਹੀ ਬੱਸ ਨਹੀਂ ਸਰਕਾਰ ਦੁਆਰਾ ਉਹਨਾਂ ਦੇ ਹੌਂਸਲੇ ਨੂੰ ਤੋੜਨ ਲਈ ਉਹਨਾਂ ਨੂੰ ਵਾਰ-ਵਾਰ ਬੇਜ਼ਮੀਨੇ ਹੋਣ ਦਾ ਅਹਿਸਾਸ ਕਰਵਾਇਆ ਜਾਂਦਾ ਹੈ। ਉਹਨਾਂ ਵੱਲੋਂ ਇਹਨਾਂ ਝੂਠ ਦੇ ਫਰੇਬੀਆਂ ਨੂੰ ਕਰਾਰਾ ਜਵਾਬ ਪਾਤਰ ਸਾਹਿਬ ਕਵਿਤਾ ਵਿਚ ਇਸ ਤਰ੍ਹਾਂ ਦਿੰਦੇ ਨਜ਼ਰੀ ਆ ਰਹੇ ਹਨ :

ਜਿਸਦੀ ਸਰਕਾਰ ਵੀ ਜ਼ਰਖ਼ਰੀਦ
ਕਿੰਨੇ ਅਖ਼ਬਾਰ ਵੀ ਜ਼ਰਖ਼ਰੀਦ
ਇਹ ਚੈਨਲ ਵੈਨਲ ਐਂਕਰ ਵੀ
ਮੰਡਲ ਵਿਉਪਾਰ ਵੀ ਜ਼ਰਖ਼ਰੀਦ ।[22]

ਕਿਰਤ ਦੇ ਲੁਟੇਰਿਆਂ ਵੱਲੋਂ ਕੀਤਾ ਸਵਾਲ :

ਤੇਰੇ ਕੋਲ ਤਾਂ ਚਾਰ ਸਿਆੜ ਨਹੀਂ
ਤੂੰ ਏਧਰ ਕਿੱਧਰ ਫਿਰਦਾ ਏਂ।[23]

ਧਰਤ ਮਾਂ ਦੇ ਪੁੱਤਰਾਂ ਵੱਲੋਂ ਦਿੱਤਾ ਜਵਾਬ :

ਇਹ ਕਣਕ ਤੇ ਧਾਨ ਦੀ ਗੱਲ ਨਹੀਂ
ਇਹ ਅਣਖ ਤੇ ਆਨ ਦੀ ਗੱਲ ਵੀ ਹੈ।[24]

ਇਹ ਲੜਾਈ ਕੇਵਲ ਤਿੰਨ ਕਾਲੇ ਕਾਨੂੰਨਾਂ ਦੀ ਨਹੀਂ ਸਗੋਂ ਇਹ ਤਾਂ ਹੁਣ ਹੋਂਦ ਦੀ, ਹੱਕ ਦੀ, ਸੱਚ ਦੀ, ਗੈਰਤ ਦੀ ਤੇ ਧਰਤੀ ਮਾਂ ਦੀ ਜ਼ਮੂਹਰੀਅਤ ਦੀ ਲੜਾਈ ਹੈ।

**ਬੇਜ਼ੁਬਾਨ ਲੀਹਾਂ ਦੀ ਸ਼ਮੂਲੀਅਤ**

ਇਸ ਅੰਦੋਲਨ ਵਿਚ ਸ਼ਿਰਕਤ ਕੇਵਲ ਧਰਤ ਦੁਆਰਾ ਹੀ ਨਹੀਂ ਕੀਤੀ ਗਈ ਸਗੋਂ ਧਰਤ ਤੇ ਚੱਲਣ ਵਾਲੀਆਂ ਰੇਲਾਂ ਜਾਂ ਬੇਜ਼ੁਬਾਨ ਲੀਹਾਂ ਦੁਆਰਾ ਵੀ ਕੀਤੀ ਗਈ ਹੈ। ਇਸ ਲਈ ਉਹਨਾਂ ਦੀ ਸ਼ਮੂਲੀਅਤ ਬਾਰੇ ਗੱਲ ਕਰਨੀ ਵੀ ਜ਼ਰੂਰੀ ਹੈ। ਕਿਸਾਨੀ ਅੰਦੋਲਨ ਕਾਰਨ ਦੋ ਮਹੀਨੇ ਰੇਲ ਸੇਵਾ ਮੁਕੰਮਲ ਬੰਦ ਰਹੀ। ਕਿਸਾਨਾਂ ਦੁਆਰਾ ਲੰਮੇ ਸੰਘਰਸ਼ ਤੋਂ ਬਾਅਦ ਕੇਂਦਰ ਸਰਕਾਰ ਨਾਲ ਸਹਿਮਤੀ ਕਰਕੇ 22 ਅਕਤੂਬਰ ਨੂੰ ਮਾਲ ਗੱਡੀਆਂ ਵਾਲੇ ਰਸਤੇ ਛੱਡਣ ਦਾ ਐਲਾਨ ਕਰ ਦਿੱਤਾ ਗਿਆ। ਰੇਲ ਗੱਡੀਆਂ ਰੋਕਣ ਦੇ ਕਾਰਨ ਕਿਸਾਨਾਂ ਨਾਲ ਇਕ ਯਾਤਰੀ ਵਰਗ ਹੋਰ ਜੁੜ ਜਾਂਦਾ ਹੈ। ਉਹਨਾਂ ਦੁਆਰਾ ਕਿਸਾਨਾਂ ਨੂੰ ਸਮਰਥਨ ਦਿੱਤਾ ਗਿਆ

ਅਤੇ ਉਹ ਵੀ ਇਸ ਗੱਲ ਤੋਂ ਜਾਣੂ ਹੋ ਗਏ ਕਿ ਇਹ ਕਾਨੂੰਨ ਕੇਵਲ ਕਿਸਾਨਾਂ ਦਾ ਹੀ ਨਹੀਂ ਸਗੋਂ ਪੂਰੇ ਪੰਜਾਬ ਦੀ ਆਰਥਿਕਤਾ ਦਾ ਵੀ ਨੁਕਸਾਨ ਕਰਨਗੇ। ਰੇਲ ਸੇਵਾ ਬੰਦ ਹੋਣ ਦੇ ਕਾਰਨ ਹੀ ਕਿਸਾਨੀ ਸੰਘਰਸ਼ ਦੀ ਆਵਾਜ਼ ਕੌਮੀ ਪੱਧਰ ਤੇ ਗੂੰਜੀ। ਕਿਸਾਨਾਂ ਵੱਲੋਂ ਰੇਲਵੇ ਲਾਇਨਾਂ ਤੋਂ ਉੱਠਣ ਦਾ ਇਕਰਾਰ ਕੀਤਾ ਗਿਆ ਸੀ ਪਰੰਤੂ ਫਿਰ ਵੀ ਕੇਂਦਰ ਸਰਕਾਰ ਵੱਲੋਂ ਇਹ ਕਿਹਾ ਜਾਣਾ ਕਿ ਰੇਲਵੇ ਸੇਵਾ ਤਾਂ ਹੀ ਬਹਾਲ ਕੀਤੀ ਜਾਵੇਗੀ ਜੇਕਰ ਪੰਜਾਬ ਦੇ ਕਿਸਾਨ ਰੇਲਵੇ ਦੀ ਪ੍ਰਾਪਰਟੀ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਣਗੇ। ਪਾਤਰ ਸਾਹਿਬ ਆਖਦੇ ਹਨ ਕਿ ਇਹ ਪੜ੍ਹ ਕੇ ਬਹੁਤ ਸ਼ਰਮ ਮਹਿਸੂਸ ਹੋਈ ਕਿ ਇਹ ਝੂਠੇ ਲੋਕ ਸਾਨੂੰ ਵੀ ਜ਼ੁਬਾਨ ਦੇ ਬੇਈਮਾਨ ਸਮਝਦੇ ਹਨ। ਹਾਕਮ ਧਿਰ ਦਾ ਅਜਿਹਾ ਕਹਿਣਾ ਵੀ ਇਕ ਜ਼ਹਿਰ ਬੁਝਿਆ ਸ਼ਬਦ-ਬਾਣ ਹੀ ਸੀ। ਉਹਨਾਂ ਗੈਰਤ ਤੋਂ ਵਾਂਝੇ ਲੋਕਾਂ ਨੂੰ ਸ਼ਾਇਦ ਪੰਜਾਬ ਦੇ ਲੋਕਾਂ ਦਾ ਰੇਲਾਂ ਨਾਲ ਕੀ ਰਿਸ਼ਤਾ ਉਸ ਬਾਬਤ ਨਹੀਂ ਪਤਾ? ਪਾਤਰ ਸਾਹਿਬ ਸੰਵੇਦਨਾ ਤੋਂ ਹੀਣੇ ਵਿਅਕਤੀਆਂ ਨੂੰ ਕਵਿਤਾ ਰਾਹੀਂ ਸਵਾਲ ਕਰਦੇ ਹਨ :

ਸਾਡਾ ਰੇਲਾਂ ਦੇ ਨਾਲ ਕੀ ਰਿਸ਼ਤਾ
ਤੈਨੂੰ ਐ ਸ਼ੁਹਦਿਆ ਪਤਾ ਹੀ ਨਹੀਂ
ਸਾਡੇ ਪੁੱਤਰ ਇਹਨਾਂ ਚ ਜੰਗ ਨੂੰ ਗਏ
ਕਿੰਨੇ ਤੋਰੇ ਘਰੋਂ ਤੇ ਕਿੰਨੇ ਮੁੜੇ।[25]

ਪੰਜਾਬ ਦੀ ਸਮੁੱਚੀ ਲੋਕਾਈ ਰੇਲਾਂ ਨਾਲ ਉਹਨਾਂ ਦੇ ਰਿਸ਼ਤੇ ਨੂੰ ਇਸ ਤਰ੍ਹਾਂ ਬਿਆਨ ਕਰ ਰਹੀ ਹੈ, ਕਿ ਅਸੀਂ ਰੇਲਾਂ ਨੂੰ

ਪੁੱਤਾਂ ਵਾਂਗ ਪਿਆਰ ਕਰਦੇ ਹਾਂ ਕਿਉਂਕਿ ਪੰਜਾਬ ਦੇ ਜਵਾਨ ਜੰਗਾਂ, ਯੁੱਧਾਂ 'ਚ ਆਪਣੀਆਂ ਜਾਨਾਂ ਦੀ ਪ੍ਰਵਾਹ ਕੀਤੇ ਬਿਨ੍ਹਾਂ ਸਿਰ ਉੱਤੇ ਮੌਤ ਦਾ ਕਫ਼ਨ ਬੰਨ੍ਹ ਕੇ ਇਹਨਾਂ ਰੇਲਾਂ ਵਿੱਚ ਹੀ ਲਾੜੀ ਮੌਤ ਵਿਆਹੁਣ ਲਈ ਜਾਂਦੇ ਹਨ। ਉਹਨਾਂ ਵਿਚੋਂ ਕੁੱਝ ਹੀ ਸਹੀ ਸਲਾਮਤ ਵਾਪਿਸ ਮੁੜਦੇ ਹਨ। ਮਾਵਾਂ ਆਪਣੇ ਪੁੱਤਰਾਂ ਨੂੰ ਭੇਜਣ ਸਮੇਂ ਜਿਨ੍ਹਾਂ ਨੂੰ ਰੋਜ਼ਗਾਰ ਦੀ ਭਾਲ ਵਿਚ ਪਤਾ ਨਹੀਂ ਕਿੱਥੇ-ਕਿੱਥੇ ਸਫ਼ਰ ਕਰਨਾ ਪੈਂਦਾ ਹੈ। ਉਦੋਂ ਮਾਵਾਂ ਪੁੱਤਰਾਂ ਦੇ ਨਾਲ-ਨਾਲ ਇਹਨਾਂ ਰੇਲਾਂ ਦੀ ਵੀ ਖੈਰ ਸੁੱਖ ਮੰਗਦੀਆਂ ਹਨ। ਹਾਕਮ ਜਮਾਤ ਨੂੰ ਇੱਕ ਵਾਰ ਫਿਰ 1947 ਤੇ 1984 ਨੂੰ ਯਾਦ ਕਰਨਾ ਚਾਹੀਦਾ ਹੈ, ਕਿ ਇਹਨਾਂ ਰੇਲਾਂ ਦੀਆਂ ਲੀਹਾਂ ਤੇ ਕਿੰਨੀਆਂ ਹੀ ਜਾਨਾਂ ਲਾਸ਼ਾਂ ਬਣ ਗਈਆਂ ਸਨ। ਇਹ ਰੇਲਾਂ ਸਾਡੇ ਦੁੱਖ ਸੁੱਖ ਦੀਆਂ ਮੁੱਢ ਤੋਂ ਹੀ ਭਾਗੀਦਾਰ

ਸਨ। ਅਸੀਂ ਇਹਨਾਂ ਦਾ ਨੁਕਸਾਨ ਕਿਵੇਂ ਕਰ ਸਕਦੇ ਹਾਂ ਇਸ ਭਾਰਤ ਦੇਸ਼ ਨੂੰ ਅਸੀਂ ਆਪਣਾ ਖ਼ੂਨ ਡੋਲ-ਡੋਲ ਸਿੰਝਿਆ ਹੈ। ਅਸੀਂ ਆਪਣੀ ਭਾਰਤ ਮਾਤਾ ਦੀ ਸੰਪਤੀ ਨੂੰ ਕੋਈ ਵੀ ਨੁਕਸਾਨ ਨਹੀਂ ਪਹੁੰਚਾ ਸਕਦੇ। ਹੁਕਮਰਾਨਾ ਦੇ ਇਸ ਵਤੀਰੇ ਤੇ ਵਿਅੰਗਮਈ ਭਾਵ ਪ੍ਰਗਟ ਪਾਤਰ ਸਾਹਿਬ ਲਿਖਦੇ ਹਨ :

ਉਹਦੇ ਵਿਚ ਰੇਲ ਇਕ ਗਵਾਹ ਤਾਂ ਸੀ
ਉਹਦੇ ਵਿਚ ਰੇਲ ਕੋਈ ਮੁਜਰਿਮ ਨਈਂ
ਇਹਦੇ ਗਲ ਲੱਗ ਰੋ ਤਾਂ ਸਕਦਾ ਮੈਂ
ਇਸ ਤੇ ਪੱਥਰ ਨਹੀਂ ਉਠਾ ਸਕਦਾ।[26]

ਹਾਕਮ ਸਰਕਾਰ ਇੱਕ ਵਾਰ ਫਿਰ 1947, 1984 ਦੇ ਜਖ਼ਮਾਂ ਨੂੰ ਹਰਾ ਕਰਨ ਦੀ ਤਾਂਘ ਵਿੱਚ ਦਿਖਾਈ ਦਿੰਦੀ ਹੈ। ਉਹ ਕਿਸਾਨੀ ਅੰਦੋਲਨ ਦਾ ਹੌਂਸਲਾ ਤੋੜ ਕੇ ਲੋਕਾਈ ਨੂੰ ਝੁਕਾਉਣਾ ਚਾਹੁੰਦੀ ਹੈ ਪਰੰਤੂ ਇਹਨਾਂ ਅਕਲ ਦੇ ਹੀਣੇ ਲੋਕਾਂ ਨੂੰ ਇਹ ਨਹੀਂ ਪਤਾ ਕਿ ਝੂਠ, ਲੋਭ, ਹੰਕਾਰ ਅੱਗੇ ਇਹ ਸਿਰ ਨਾ ਝੁਕੇ ਹਨ ਤੇ ਨਾਂ ਝੁਕ ਸਕਦੇ ਹਨ।

## ਬੁੱਧੀਜੀਵੀਆਂ ਦੀ ਸ਼ਮੂਲੀਅਤ

ਕਿਸਾਨੀ ਅੰਦੋਲਨ ਵਿਚ ਪੰਜਾਬ ਦਾ ਤਾਂ ਹਰ ਵਰਗ ਸ਼ਿਰਕਤ ਕਰਦਾ ਹੀ ਹੈ ਇਸ ਤੋਂ ਇਲਾਵਾ ਪੂਰੇ ਭਾਰਤ ਵਿੱਚੋਂ ਬੁੱਧੀਜੀਵੀ ਵਰਗ ਵੀ ਤਨੋ-ਮਨੋ ਇਸ ਅੰਦੋਲਨ ਦਾ ਸਮਰਥਨ ਕਰਦਾ ਹੈ। ਇਹ ਅੰਦੋਲਨ ਪੂਰੀ ਦੁਨੀਆਂ ਲਈ ਇੱਕ ਮਿਸਾਲ ਬਣਦਾ ਹੈ। ਅੰਦੋਲਨ ਸਮੇਂ ਆਪਸੀ ਝਗੜਿਆਂ, ਆਪੋਧਾਪੀ ਦੇ ਹਨੇਰ ਵਿੱਚੋਂ ਨਿੱਕਲੀ ਲੋਕਾਈ ਲਈ ਇਹ ਅੰਦੋਲਨ ਅਨੂਠਾ ਤੇ ਸ਼ਾਨਾ ਮੱਤਾਂ ਰੁਤਬਾ ਬਣ ਗਿਆ ਸੀ। ਇਸ ਅੰਦੋਲਨ ਨੂੰ ਹਰ ਵਰਗ ਵੱਲੋਂ ਭਰਮਾ ਹੁੰਗਾਰਾ ਮਿਲਿਆ। ਇਸ ਅੰਦੋਲਨ ਵਿਚ ਬੁੱਧੀਜੀਵੀ ਵਰਗ ਜਿਸ ਵਿਚ ਸਾਹਿਤਕਾਰ, ਗੀਤਕਾਰ, ਖਿਡਾਰੀ, ਗਾਇਕ, ਸਰਕਾਰੀ ਅਫ਼ਸਰ ਆਦਿ ਦੀ ਸ਼ਿਰਕਤ ਵੀ ਦੇਖਣ ਨੂੰ ਮਿਲਦੀ ਹੈ। ਇਸ ਅੰਦੋਲਨ ਨੇ ਪੰਜਾਬੀ ਬੌਧਿਕ ਜਗਤ ਨੂੰ ਨਵੀਆਂ ਸੇਧਾ ਦਿੱਤੀਆਂ। ਅੰਦੋਲਨ ਦੌਰਾਨ ਹਰ ਵਰਗ ਹਰਕਤ ਵਿਚ ਆਉਂਦਾ ਹੈ। ਅੰਦੋਲਨ ਦੌਰਾਨ ਲਗਾਤਾਰ ਆਪਣੇ ਹੱਕਾਂ ਦੀ ਗੱਲ ਕਰਦੇ ਸਾਹਿਤ ਦਾ ਸਿਲਸਿਲਾ ਸ਼ੁਰੂ ਹੋਇਆ। ਅਸੀਂ ਦੇਖਦੇ ਹਾਂ ਕਿ ਅੰਦੋਲਨ ਨਾਲ ਸੰਬੰਧਿਤ ਗੀਤ, ਲੇਖ, ਕਵਿਤਾਵਾਂ, ਨੁੱਕੜ ਨਾਟਕ, ਨਾਟਕ ਆਦਿ ਕੇਵਲ ਛਪਣ ਤੱਕ ਹੀ ਸੀਮਤ ਨਹੀਂ ਰਹੇ ਸਗੋਂ ਇਹਨਾਂ ਨੂੰ ਸਮੁੱਚੀ ਲੋਕਾਈ ਵੱਲੋਂ ਹਾਂ-ਪੱਖੀ ਹੁੰਗਾਰਾ

ਵੀ ਮਿਲਿਆ। ਅੰਦੋਲਨ ਦੌਰਾਨ ਕਿਸਾਨੀ ਸੰਕਟ ਨਾਲ ਜੁੜੀ ਹਰ ਸਮੱਸਿਆ ਦੇ ਹੱਲ ਦਾ ਜਿਵੇਂ ਸਾਹਿਤ ਸਿਰਜਨਾ ਵਿਚ ਇਕ ਹੜ੍ਹ ਜਿਹਾ ਆ ਗਿਆ ਪ੍ਰਤੀਤ ਹੁੰਦਾ ਹੈ। ਜਿਨ੍ਹਾਂ–ਜਿਨ੍ਹਾਂ ਬਾਰਡਰਾਂ ਉੱਤੇ ਅੰਦੋਲਨ ਚੱਲ ਰਿਹਾ ਸੀ ਉੱਥੇ ਪੜ੍ਹੇ ਲਿਖੇ ਵਰਗ ਵੱਲੋਂ ਲਾਇਬ੍ਰੇਰੀਆਂ ਚਲਾਉਣਾ ਸਭਿਆਚਾਰ ਵਿਚ ਕਿਸੇ ਆਉਣ ਵਾਲੀ ਤਬਦੀਲੀ ਵੱਲ ਇਸ਼ਾਰਾ ਕਰਦਾ ਹੈ। ਕਿਸਾਨੀ ਅੰਦੋਲਨ ਦੇ ਆਗੂਆਂ ਨੇ ਜਦੋਂ ਹਕੂਮਤ ਖਿਲਾਫ਼ ਝੰਡਾ ਚੁੱਕਿਆ ਤਾਂ ਉੱਚਤਮ ਅਦਾਲਤ ਤੇ ਸਰਵ ਉੱਚਤਮ ਅਦਾਲਤ ਦੇ ਅਫ਼ਸਰਾਂ ਨੇ ਇਸ ਅੰਦੋਲਨ ਨੂੰ ਸਹੀ ਠਹਿਰਾਇਆ ਇਥੇ ਪਾਤਰ ਸਾਹਿਬ ਲਿਖਦੇ ਹਨ ਕਿ ਇਹ :

ਇਹ ਗਿਆਨ ਖੜਗ ਦੀ ਫ਼ਤਿਹ ਹੈ।[27]

ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਅੰਦੋਲਨ ਨੂੰ ਗਿਆਨ, ਸੂਝਵਾਨ ਤੇ ਸਹਿਣਸ਼ੀਲਤਾ ਨਾਲ ਹੀ ਨੇਪਰੇ ਚਾੜਿਆ ਗਿਆ ਹੈ। ਦੇਸ਼ ਦਾ ਸਭ ਤੋਂ ਵੱਡਾ ਫੋਟੋਗ੍ਰਾਫਰ ਰਘੂਰਾਏ 80 ਸਾਲ ਦੀ ਉਮਰ ਵਿਚ ਸਿੰਘੂ ਬਾਰਡਰ ਤੇ ਸ਼ਿਰਕਤ ਕਰਦਾ ਹੈ। ਹਰਜਿੰਦਰ ਸਿੰਘ ਪੱਤੜ ਕਲਾ ਲੋਕ ਸਾਹਿਤ ਰਾਹੀਂ ਸਰੀਰਕ ਤੌਰ ਤੇ ਨਹੀਂ ਪਰੰਤੂ ਬੌਧਿਕ ਪੱਧਰ ਤੇ ਆਪਣੀ ਹਾਜ਼ਰੀ ਲਵਾਉਂਦੇ ਹਨ। ਗਾਜੀਪੁਰ ਬਾਰਡਰ ਤੇ ਅੰਤਰਰਾਸ਼ਟਰੀ ਸ਼ੂਟਰ ਪੂਨਮ ਪੰਡਤ ਦਾ ਆਉਣਾ ਸਾਡੇ ਅੰਦੋਲਨ ਲਈ ਮਾਣ ਵਾਲੀ ਗੱਲ ਹੈ। ਇਸ ਬਾਬਤ ਪਾਤਰ ਸਾਹਿਬ ਲਿਖਦੇ ਹਨ,

"ਗਾਜ਼ੀਪੁਰ ਬਾਰਡਰ ਤੇ ਅੰਤਰਰਾਸ਼ਟਰੀ ਸ਼ੂਟਰ ਪੂਨਮ ਪੰਡਤ ਦੀ ਮੌਜੂਦਗੀ, ਉਹਦੇ ਬੋਲਾਂ ਦੀ ਬਹੁਪੱਖੀ ਬੁਲੰਦੀ, ਉਹ ਦੀ ਹਾਜ਼ਰ ਜਵਾਬੀ, ਦਲੇਰੀ, ਦ੍ਰਿੜਤਾ ਤੇ ਆਵਾਜ਼ ਦੀ ਉੱਚੀ-ਸੁੱਚੀ ਸੁਰ ਦੇਖਣ ਸੁਣਨ ਵਾਲੀ ਹੈ।"[28]

ਪੂਨਮ ਪੰਡਤ ਦਾ ਕਿਸਾਨੀ ਅੰਦੋਲਨ ਵਿੱਚ ਆ ਕੇ ਹਾਜ਼ਰੀ ਲਵਾਉਣਾ ਉਸਦੇ ਕਿਸਾਨੀ ਪ੍ਰਤੀ ਸਨੇਹ ਨੂੰ ਤਾਂ ਪ੍ਰਗਟ ਕਰਦਾ ਹੀ ਹੈ । ਦੂਜਾ ਇਹਨਾਂ ਕਾਲੇ ਕਨੂੰਨਾਂ ਦੇ ਖਿਲਾਫ ਰੋਹ ਨੂੰ ਵੀ ਪ੍ਰਗਟ ਕਰਦਾ ਹੈ । ਉਹ ਬੜੀ ਦਲੇਰੀ ਤੇ ਨਿਡਰਤਾ ਨਾਲ ਇਹਨਾਂ ਤਿੰਨੇ ਕਾਲੇ ਕਾਨੂੰਨਾਂ ਦੇ ਭਵਿੱਖ ਵਿੱਚ ਕਿਸਾਨੀ ਤੇ ਪੈਣ ਵਾਲੇ ਮਾਰੂ ਪ੍ਰਭਾਵਾਂ ਤੋਂ ਜਾਣੂ ਕਰਵਾਉਂਦੀ ਹੈ । ਉਸ ਦੇ ਜਜ਼ਬੇ ਨੂੰ ਇੱਕ ਖਿਡਾਰੀ ਦੇ ਤੌਰ ਤੇ ਦੂਜਾ ਕਿਸਾਨ ਦੀ ਧੀ ਹੋਣ ਦੇ ਨਾਤੇ ਸਿਜਦਾ ਹੈ ।

## ਨਿਸ਼ਕਰਸ਼

ਕਿਸਾਨੀ ਅੰਦੋਲਨ ਸਿਰਫ਼ ਹੱਕਾਂ ਦੀ ਲੜਾਈ ਨਹੀਂ ਸਗੋਂ ਸਾਂਝੀਵਾਲਤਾ, ਇੱਕਜੁਟਤਾ ਅਤੇ ਮਨੁੱਖਤਾ ਦੇ ਸੂਤਰ ਵਿੱਚ ਗੁੰਥਿਆ ਇਕ ਸੰਘਰਸ਼ ਹੈ। ਇਹ ਅੰਦੋਲਨ ਸਾਡੇ ਸਮਾਜ ਦੇ ਹਰ ਵਰਗ ਨੂੰ, ਹਰ ਰੰਗ ਨੂੰ ਅਤੇ ਹਰ ਖੇਤਰ ਨੂੰ ਸਮੇਟਦਿਆਂ ਇੱਕ ਨਵੇਂ ਜਾਗਰੂਕਤਾ ਅਤੇ ਜ਼ਿੰਦੇ ਦਿਲੀ ਦਾ ਪ੍ਰਤੀਕ ਬਣਿਆ। ਪਾਤਰ ਸਾਹਿਬ ਦੀ ਕਿਤਾਬ "**ਇਹ ਬਾਤ ਨਿਰੀ ਏਨੀ ਹੀ ਨਹੀਂ**" ਇਸ ਅੰਦੋਲਨ ਦੇ ਮਹੱਤਵ ਨੂੰ ਬਖੂਬੀ ਦਰਸਾਉਂਦੀ ਹੈ।

ਇਸ ਅੰਦੋਲਨ ਵਿੱਚ ਸੱਚੇ ਪਾਤਸ਼ਾਹ ਦੀ ਸ਼ਮੂਲੀਅਤ ਤੋਂ ਲੈ ਕੇ ਮਾਵਾਂ, ਭੈਣਾਂ ਅਤੇ ਧੀਆਂ ਦਾ ਯੋਗਦਾਨ ਤੱਕ, ਮੀਡੀਆ ਦੇ ਦੋਹਰੇ ਚਿਹਰੇ ਨੂੰ ਨੰਗਾ ਕਰਨ ਹਿੱਤ ਨੌਜਵਾਨਾਂ ਦੀ ਵੱਲੋਂ ਮੀਡੀਆ ਦੀ ਸਿਰਜਣਾਤਮਕਤਾ ਤੱਕ, ਹਰ ਦ੍ਰਿਸ਼ਟੀਕੋਣ ਇਸਦੀ ਮਹਾਨਤਾ ਨੂੰ ਬਿਆਨ ਕਰਦਾ ਹੈ।

ਇਹ ਸੰਘਰਸ਼ ਹੌਂਸਲੇ ਅਤੇ ਸਬਰ ਦੀ ਉਚੀ ਮਿਸਾਲ ਹੈ ਜੋ ਸਿਰਫ ਕਿਸਾਨਾਂ ਦੇ ਹੱਕਾਂ ਲਈ ਹੀ ਨਹੀਂ, ਸਗੋਂ ਜਨਤਾ ਦੇ ਬੁਨਿਆਦੀ ਅਧਿਕਾਰਾਂ ਲਈ ਵੀ ਲੜਿਆ ਗਿਆ। ਪਾਤਰ ਸਾਹਿਬ ਇਸ ਅੰਦੋਲਨ ਨੂੰ ਸਿਰਫ ਲਿਖਤਾਂ ਰਾਹੀਂ ਨਹੀਂ ਬਲਕਿ ਆਪਣੇ ਜਜ਼ਬਾਤਾਂ, ਸੰਘਰਸ਼ ਅਤੇ ਪਦਮ ਸ਼੍ਰੀ ਵਾਪਸੀ ਜ਼ਰੀਏ ਇਕ ਸੰਦੇਸ਼ ਦੇਣ ਵਿੱਚ ਕਾਮਯਾਬ ਰਹੇ ਹਨ ਕਿ ਹੱਕਾਂ ਦੀ ਲੜਾਈ ਕਦੇ ਵੀ ਦਬਾਈ ਨਹੀਂ ਜਾ ਸਕਦੀ। ਇਹ ਅੰਦੋਲਨ ਸਾਨੂੰ ਦੱਸਦਾ ਹੈ ਕਿ ਜੇਕਰ ਸੰਘਰਸ਼ ਨੂੰ ਸੱਚੇ ਜਜ਼ਬੇ ਨਾਲ ਲੜਿਆ ਜਾਵੇ, ਤਾਂ ਹਰੇਕ ਰੁਕਾਵਟ ਨੂੰ ਪਾਰ ਕਰਕੇ ਜਿੱਤ ਹਾਸਿਲ ਕੀਤੀ ਜਾ ਸਕਦੀ ਹੈ।

**ਹਵਾਲੇ**

1. ਪਾਤਰ ਸੁਰਜੀਤ ਸਿੰਘ, *ਇਹ ਬਾਤ ਨਿਰੀ ਏਨੀ ਹੀ ਨਹੀਂ*, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2021, ਪੰਨਾ-16.
2. ਉਹੀ, ਪੰਨਾ-17.
3. ਉਹੀ, ਪੰਨਾ-21.
4. ਉਹੀ, ਪੰਨਾ-38.
5. ਉਹੀ, ਪੰਨਾ-37.
6. ਉਹੀ, ਪੰਨਾ-50.
7. ਉਹੀ, ਪੰਨਾ-51.

8. ਉਹੀ, ਪੰਨਾ-52.
9. ਉਹੀ, ਪੰਨਾ-82-83.
10. ਉਹੀ, ਪੰਨਾ-77.
11. ਉਹੀ, ਪੰਨਾ-77.
12. ਉਹੀ, ਪੰਨਾ-123-125.
13. ਉਹੀ, ਪੰਨਾ-57.
14. ਉਹੀ, ਪੰਨਾ-57.
15. ਉਹੀ, ਪੰਨਾ-67.
16. ਉਹੀ, ਪੰਨਾ-67.
17. ਉਹੀ, ਪੰਨਾ-58.
18. ਉਹੀ, ਪੰਨਾ-43.
19. ਉਹੀ, ਪੰਨਾ-50.
20. ਉਹੀ, ਪੰਨਾ-68.
21. ਉਹੀ, ਪੰਨਾ-47.
22. ਉਹੀ, ਪੰਨਾ-48.
23. ਉਹੀ, ਪੰਨਾ-49.
24. ਉਹੀ, ਪੰਨਾ-97.
25. ਉਹੀ, ਪੰਨਾ-33-34.
26. ਉਹੀ, ਪੰਨਾ-35.
27. ਉਹੀ, ਪੰਨਾ-26.
28. ਉਹੀ, ਪੰਨਾ-53.